ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ

# ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਲਿਖਿਆ ਗਿਆ ਪੱਤਰ

**ਚੰਡੀਗੜ੍ਹ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਲਿਖਿਆ ਗਿਆ । ਆਪਣੇ ਪੱਤਰ ਵਿੱਚ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੇਸ਼ ਦੀ ਤਰੱਕੀ ਵਿੱਚ ਪੰਜਾਬ ਵੱਲੋਂ ਪਾਏ ਯੋਗਦਾਨ ਦਾ ਵਿਸ਼ੇਸ਼ ਹਵਾਲਾ ਦਿੱਤਾ ਗਿਆ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ, ਅੱਜ ਹੜ੍ਹ ਦੀ ਮਾਰ ਨਾਲ ਪੰਜਾਬ ਪੂਰੀ ਤਰਾਂ ਪ੍ਰਭਾਵਿਤ ਹੋ ਚੁੱਕਾ ਹੈ। ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਰਕਾਰੀ ਅੰਕੜੇ ਨੂੰ ਪੇਸ਼ ਕਰਦੇ ਹੋਏ ਪੰਜਾਬ ਦੇ ਹਾਲਤਾਂ ਨੂੰ ਲੈਕੇ ਕੇਂਦਰ ਨੂੰ ਜਾਣੂ ਕਰਵਾਇਆ ਗਿਆ। ਗਿਆਨੀ ਹਰਪ੍ਰੀਤ ਸਿੰਘ ਨੇ ਅੰਕੜੇ ਪੇਸ਼ ਕਰਦੇ ਹੋਏ ਜਾਣਕਾਰੀ ਦਿੱਤੀ ਕਿ,





ਪ੍ਰਭਾਵਿਤ ਪਿੰਡਾਂ ਦੀ ਗਿਣਤੀ - 1655

ਪ੍ਰਭਾਵਿਤ ਲੋਕਾਂ ਦੀ ਗਿਣਤੀ - 3 ਲੱਖ 55 ਹਜ਼ਾਰ ਤੋਂ ਵੱਧ

ਮੌਤਾਂ ਦੀ ਗਿਣਤੀ - 37

ਖੇਤੀਯੋਗ ਪ੍ਰਭਾਵਿਤ ਰਕਬਾ - 4 ਲੱਖ 38 ਹਜ਼ਾਰ ਏਕੜ ਤੋਂ ਵੱਧ ਹੈ।

ਓਹਨਾ ਕਿਹਾ ਕਿ ਇਹ ਅੰਕੜੇ 3 ਸਤੰਬਰ ਦੇਰ ਸ਼ਾਮ ਤੱਕ ਦੇ ਹਨ, ਜਦੋਂ ਅਗਲੇ ਦਿਨਾਂ ਵਿੱਚ ਨੁਕਸਾਨ ਦਾ ਅੰਕੜਾ ਹੋਰ ਵਧਿਆ ਹੈ

## ਪੰਜਾਬ ਲਈ ਵੱਡੇ ਆਰਥਿਕ ਪੈਕਜ ਦੀ ਮੰਗ,ਸਰਕਾਰੀ ਅੰਕੜੇ ਜਾਰੀ ਕਰ ਦਿਖਾਏ ਮੌਜੂਦਾ ਹਾਲਾਤ

ਆਪਣੇ ਪੱਤਰ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਤੋ ਵੱਡੇ ਆਰਥਿਕ ਮੰਗ ਕੀਤੀ। ਓਹਨਾ ਕਿਹਾ ਕਿ,ਇਸ ਗੰਭੀਰ ਸਥਿਤੀ ਦੇ ਮੱਦੇਨਜ਼ਰ, ਅਸੀਂ ਤੁਹਾਡੀ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਹੇਠ ਲਿਖੇ ਉਪਾਵਾਂ ਰਾਹੀਂ ਪੰਜਾਬ ਨੂੰ ਤੁਰੰਤ ਸਹਾਇਤਾ ਪ੍ਰਦਾਨ ਕੀਤੀ ਜਾਵੇ:

ਆਵਾਜ਼ਿ ਕੌਮ AWAZE QAUM International Newspaper & WEB TV

1 ਤੁਰੰਤ ਰਾਹਤ ਪੈਕੇਜ: ਹੜ੍ਹ-ਪ੍ਰਭਾਵਿਤ ਪਰਿਵਾਰਾਂ ਲਈ ਤੁਰੰਤ ਵਿੱਤੀ ਮਦਦ, ਰੋਜ਼ਾਨਾ ਜ਼ਿੰਦਗੀ ਦੀ ਜਰੂਰਤ ਲਈ ਵਸਤਾਂ, ਅਸਥਾਈ ਰਿਹਾਇਸ਼ ਦੀ ਸਹੂਲਤ।

2. ਖੇਤੀਬਾੜੀ ਅਧੀਨ ਮੁਆਵਜ਼ਾ ਹੜ੍ਹ ਨਾਲ ਸਮਾਪਤ ਹੋਈਆਂ ਫਸਲਾਂ ਦਾ ਪੂਰਾ ਮੁਆਵਜ਼ਾ, ਮਜ਼ਦੂਰਾਂ ਦੇ ਘਰਾਂ ਦਾ ਪੂਰਾ ਮੁਆਵਜ਼ਾ ਅਤੇ ਰੋਜ਼ਾਨਾ ਲਈ ਗੁਜਾਰਾ ਭੱਤਾ, ਖਰਾਬ ਖੇਤੀ ਯੰਤਰਾਂ, ਟਿਊਬਵੈੱਲਾਂ ਅਤੇ ਪਸ਼ੂ ਧਨ ਦੇ ਨੁਕਸਾਨ ਲਈ ਪੂਰਾ ਮੁਆਵਜ਼ਾ। ਇਸ ਤੋਂ ਇਲਾਵਾ ਹੜ ਦੇ ਪਾਣੀ ਸੁੱਕਣ ਤੋ ਬਾਅਦ ਖੇਤਾਂ ਵਿੱਚ ਭਰੀ ਮਿੱਟੀ ਨੂੰ ਚੁੱਕਣ ਅਤੇ ਖੇਤਾਂ ਨੂੰ ਮੁੜ ਆਬਾਦ ਕਰਨ ਲਈ ਪ੍ਰਤੀ ਏਕੜ ਲੋੜੀਂਦੇ ਡੀਜ਼ਲ ਤੇ 100 ਫ਼ੀਸਦ ਸਬਸਿਡੀ ਦਿੱਤੀ ਜਾਵੇ ਤੇ ਅਗਲੀ ਫ਼ਸਲ ਲਈ ਬੀਜ ਖਾਦਾਂ ਮੁਫ਼ਤ ਮੁਹੱਈਆ ਕਰਵਾਏ ਜਾਣ।

3. ਜਨਤਕ ਸੇਵਾਵਾਂ ਲਈ ਫੰਡ ਦੀ ਮੰਗ: ਟੁੱਟੀਆਂ ਸੜਕਾਂ, ਸਕੂਲਾਂ, ਪੁਲਾਂ, ਬਿਜਲੀ, ਪਾਣੀ ਸਪਲਾਈ ਅਤੇ ਸਿਹਤ ਸੇਵਾਵਾਂ ਦੀ ਮੁੜ-ਮੁਰੰਮਤ ਲਈ ਫੰਡ। ਇਸ ਤੋਂ ਇਲਾਵਾ ਅਨਾਜ ਮੰਡੀਆਂ ਦੀ ਦਰੁਸਤੀ ਲਈ ਯੋਗ ਕਦਮ ਉਠਾਏ ਜਾਣ ਦੀ ਮੰਗ।

4. ਕੇਂਦਰੀ ਰਾਹਤ ਫੌਜ ਦੀ ਤਾਇਨਾਤੀ: ਐਨ.ਡੀ.ਆਰ.ਐਫ.ਅਤੇ ਫੌਜੀ ਯੂਨਿਟਾਂ ਵੱਲੋਂ ਰਾਹਤ, ਬਚਾਅ ਕਾਰਜ, ਦਵਾਈਆਂ ਅਤੇ ਜ਼ਰੂਰੀ ਸਾਮਾਨ ਦੀ ਸਪਲਾਈ ਚ ਹੋਰ ਤੇਜ਼ੀ ਦੀ ਜ਼ਰੂਰਤ।

5. ਹੜ੍ਹ ਪ੍ਰਬੰਧਨ ਦੀ ਮੰਗ: ਦਰਿਆਵਾਂ ਦੇ ਕੰਢੇ ਪੱਕੇ ਤੇ ਮਜ਼ਬੂਤ ਕਰਨ, ਹੜ੍ਹ ਕੰਟਰੋਲ ਢਾਂਚੇ ਬਣਾਉਣ ਅਤੇ ਸਥਾਈ ਹੜ੍ਹ ਫੰਡ ਸਥਾਪਤ ਕਰਨ ਲਈ ਯੋਜਨਾ।

6. ਕਰਜ਼ ਰਾਹਤ ਮੰਗ: ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਕਰਜ਼ੇ ਵਿੱਚ ਡੁੱਬੇ ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਵਪਾਰੀਆਂ ਦੇ ਕਰਜ਼ੇ ਮੁਆਫ਼ੀ ਕੀਤੇ ਜਾਣ।

7. ਸਿਹਤ ਸਹਾਇਤਾ: ਹੜ੍ਹ-ਬਾਅਦ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਕੇਂਦਰੀ ਸਿਹਤ ਟੀਮਾਂ ਅਤੇ ਮੁਫ਼ਤ ਦਵਾਈਆਂ।

8. ਰਾਏਪੇਰੀਅਨ ਸਟੇਟ ਹੋਣ ਦੇ ਬਾਵਜੂਦ ਸਾਡਾ 75% ਪਾਣੀ ਬਿੰਨਾਂ ਕਿਸੇ ਰਾਇਲਟੀ ਦੇ ਦੂਸਰੇ ਸੂਬਿਆਂ ਨੂੰ ਦਿੱਤਾ ਗਿਆ ਜੋ ਸੂਬੇ ਦੇ ਸੋਮੇ ਦੀ ਸਿੱਧੀ ਲੁੱਟ ਹੈ ਸਾਨੂੰ ਪੈਪਸੂ ਤੱਕ ਪੈਸਾ ਮਿਲਦਾ ਰਿਹਾ ਸੀ ਉਹ ਬਕਾਏ ਸਮੇਤ ਦਿਵਾਇਆ ਜਾਵੇ ਤਾਂ ਕਿ ਅੱਗੇ ਤੋਂ ਅਸੀ ਪ੍ਰਬੰਧ ਖੁੱਦ ਕਰ ਸਕੀਏ।

ਆਵਾਜ਼ਿ ਕੌਮ AWAZE QAUM International Newspaper & WEB TV

9. ਸੂਬੇ ਦੇ ਵੱਧ ਅਧਿਕਾਰਾਂ ਦੇ ਚੱਲਦੇ ਬੀਬੀਐਮਬੀ ਅਤੇ ਹੋਰ ਡੈਮਾਂ ਦਾ ਪ੍ਰਬੰਦ ਤੁਰੰਤ ਪੰਜਾਬ ਨੂੰ ਦਿੱਤਾ ਜਾਵੇ। ਜੇਕਰ ਅਜਿਹਾ ਹੁੰਦਾ ਤਾਂ ਹੋ ਸਕਦਾ ਹੈ ਕਿ ਇੰਨਾਂ ਨੁਕਸਾਨ ਨਾ ਹੁੰਦਾ।

10. ਹੜਾ ਤੋਂ ਬਾਅਦ ਇੱਕ ਉੱਚ ਪੱਧਰੀ ਕਮੇਟੀ ਬਣਾ ਕੇ ਹੜਾ ਤੋ ਬਚਣ ਦਾ ਪੱਕਾ ਪ੍ਰਬੰਧ ਕੀਤਾ ਜਾਵੇ।

11. ਸਾਲ 2023 ਵਿੱਚ ਵੀ ਇਸੇ ਤਰਾਂ ਨੁਕਸਾਨ ਹੋਇਆ ਸੀ ਉਸ ਸਮੇਂ ਵੀ ਫਸਲਾ ਤੇ ਘਰਾਂ ਆਦਿ ਦਾ ਪੂਰਾ ਮੁਆਵਜ਼ਾ ਨਹੀਂ ਮਿਲਿਆ ਸੋ ਜੋ ਪੰਜਾਬ ਨੂੰ ਦੇਣਾ ਹੈ ਬਕਾਇਦਾ ਪੰਜਾਬ ਦੇ ਲੋਕਾਂ ਨੂੰ ਮੀਡੀਆ ਰਾਹੀਂ ਦੱਸ ਕੇ ਦਿੱਤਾ ਜਾਵੇ।

ਗਿਆਨੀ ਹਰਪ੍ਰੀਤ ਸਿੰਘ ਵੱਲੋ ਪੂਰਨ ਆਸ ਪ੍ਰਗਟ ਕੀਤੀ ਗਈ ਕੇਂਦਰ ਸਰਕਾਰ ਪੰਜਾਬ ਦੇ ਤਾਜਾ ਹਲਾਤਾਂ ਨੂੰ ਵੇਖਦੇ ਹੋਏ ਜਲਦੀ ਹੀ ਵੱਡਾ ਆਰਥਿਕ ਪੈਕਜ ਦੇ ਕੇ ਲਾਜ਼ਮੀ ਤੌਰ ਤੇ ਪੰਜਾਬ ਦਾ ਖਿਆਲ ਰੱਖੇਗੀ।

# ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਹਸਾਨੁੱਦਿਨ ਯੂਨੀਵਰਸਿਟੀ, ਇੰਡੋਨੇਸ਼ੀਆ ਵਿਚਕਾਰ ਦੁਵੱਲਾ ਸਮਝੌਤਾ ਸਹੀਬੱਧ






**ਤਲਵੰਡੀ ਸਾਬੋ, 05 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਅੰਤਰ ਰਾਸ਼ਟਰੀ ਅਕਾਦਮਿਕ ਸਹਿਯੋਗ, ਵਿਸ਼ਵ ਪੱਧਰੀ ਖੋਜਾਂ, ਨਵੀਨਤਾ ਅਤੇ ਗਿਆਨ ਦੇ ਖੇਤਰਾਂ ਨੂੰ ਆਪਸ ਵਿੱਚ ਜੋੜਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਦੀ ਰਹਿਨੁਮਾਈ ਹੇਠ ਪ੍ਰੋ. (ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ, ਡਾ. ਪੀਯੂਸ਼ ਵਰਮਾ ਰਜਿਸਟਰਾਰ, ਜੀ.ਕੇ.ਯੂ., ਪ੍ਰੋ. (ਡਾ.) ਇੰਜੀ. ਜਮਾਲੁਦੀਨ ਜੋਮਪਾ ਰੈਕਟਰ, ਡਾ. ਅੰਸਦੀਆਦੀ ਡਾਇਰੈਕਟਰ, ਹਸਾਨੁੱਦਿਨ ਯੂਨੀਵਰਸਿਟੀ, ਇੰਡੋਨੇਸ਼ੀਆ ਵੱਲੋਂ ਦੁਵੱਲਾ ਸਮਝੌਤਾ ਹਸਤਾਖ਼ਿਰਤ ਕੀਤਾ ਗਿਆ। ਇਸ ਮੌਕੇ ਅਕਾਦਮਿਕ ਕੌਂਸਲਾਂ ਦੇ ਮੈਂਬਰ, ਵੱਖ-ਵੱਖ ਫੈਕਲਟੀਆਂ ਦੇ ਡੀਨ ਅਤੇ ਦੋਵੇਂ ਦੇਸ਼ਾਂ ਦੇ ਸਿੱਖਿਆ ਮਾਹਿਰ ਵਿਸ਼ੇਸ਼ ਤੌਰ 'ਤੇ ਆਨਲਾਈਨ ਹਾਜ਼ਰ ਸਨ। ਸਮਝੌਤੇ ਮੌਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਾਈਸ ਚਾਂਸਲਰ ਡਾ. ਸਿੰਘ ਵਾਈਸ ਚਾਂਸਲਰ ਨੇ ਕਿਹਾ ਕਿ ਇਸ ਸਮਝੌਤੇ ਨਾਲ ਵਿਦਿਆਰਥੀਆਂ, ਖੋਜਾਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਨਵੀਆਂ ਖੋਜਾਂ ਅਤੇ ਨਵੀਂ ਤਕਨੀਕ ਲਈ ਵਿਸ਼ਵ ਪੱਧਰੀ ਸੁਵਿਧਾਵਾਂ ਅਤੇ ਮੌਕੇ ਮਿਲਣਗੇ, ਜਿਸ ਨਾਲ ਉਹ ਆਪਣੇ ਨਵੇਂ ਵਿਚਾਰਾਂ ਨੂੰ ਅਮਲੀ ਜਾਮਾ ਪਹਿਣਾ ਸਕਣਗੇ। ਉਨ੍ਹਾਂ ਇਹ ਵੀ ਕਿਹਾ ਕਿ ਸਮਝੌਤੇ ਨਾਲ ਦੋਹੇਂ ਯੂਨੀਵਰਸਿਟੀਆਂ ਦੇ ਵਿਦਿਆਰਥੀ, ਖੋਜਾਰਥੀ ਅਤੇ ਫੈਕਲਟੀ ਮੈਂਬਰ ਇੱਕ ਦੂਜੇ ਦੀਆਂ ਲਾਇਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਵਰਕਸ਼ਾਪਾਂ ਦਾ ਇਸਤੇਮਾਲ ਸਾਂਝੇ ਤੌਰ ਤੇ ਕਰਕੇ ਆਪਣੇ ਗਿਆਨ ਅਤੇ ਹੁਨਰ ਦਾ ਵਿਸਥਾਰ ਕਰ ਸਕਣਗੇ। ਸਮਝੌਤੇ ਦੇ ਫਾਇਦਿਆਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਦੋਹੇਂ ਗਿਆਨ ਦੇ ਕੇਂਦਰ ਬੌਧਿਕਤਾ ਦੇ ਆਦਾਨ-ਪ੍ਰਦਾਨ ਤੇ ਨਵੀਨ ਵਿਚਾਰਾਂ ਦੇ ਪਾਸਾਰ ਲਈ ਆਪਸ ਵਿੱਚ ਜੁੜਨਗੇ ਤੇ ਨਤੀਜੇ ਪੱਖੋਂ ਉਨ੍ਹਾਂ ਵੱਲੋਂ ਕੀਤੀਆਂ ਖੋਜਾਂ ਲੋਕਾਈ ਦੇ ਭਲੇ ਲਈ ਸਹਾਈ ਹੋਣਗੀਆਂ। ਰੈਕਟਰ ਡਾ. ਜੋਮਪਾ ਨੇ ਇਸ ਸਮਝੌਤੇ ਨੂੰ ਉੱਚੇਰੀ ਸਿੱਖਿਆ ਦੇ ਖੇਤਰ ਵਿੱਚ ਖੂਬਸੂਰਤ ਕਦਮ ਦੱਸਦੇ ਹੋਏ ਕਿਹਾ ਕਿ ਦੋਹੇਂ ਯੂਨੀਵਰਸਿਟੀਆਂ ਸਾਂਝੇ ਤੌਰ ਤੇ ਡਿਊਲ ਡਿਗਰੀ ਪ੍ਰੋਗਰਾਮ ਸ਼ੁਰੂ ਕਰਨ ਦੇ ਰਸਤੇ ਤਲਾਸ਼ਣਗੀਆਂ ਜਿਸ ਨਾਲ ਦੋਹੋਂ ਦੇਸ਼ਾਂ ਦੇ ਵਿਦਿਆਰਥੀ ਦੋਹੇਂ ਯੂਨੀਵਰਸਿਟੀਆਂ ਵਿੱਚ ਪੜ੍ਹ ਕੇ ਡਿਊਲ ਡਿਗਰੀ ਹਾਸਿਲ ਕਰ ਸਕਣਗੇ, ਜਿਸ ਨਾਲ ਰੁਜ਼ਗਾਰ ਅਤੇ ਵਿਕਾਸ ਦੇ ਨਵੇਂ ਰਸਤੇ ਖੁਲ੍ਹਣਗੇ ਅਤੇ ਨਵੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਰਜਿਸਟਰਾਰ ਡਾ. ਵਰਮਾ ਅਨੁਸਾਰ ਹੁਣ ਦੋਹੇਂ ਯੂਨੀਵਰਸਿਟੀਆਂ ਦੇ ਵਿਦਿਆਰਥੀ ਅਤੇ ਖੋਜਾਰਥੀ ਸਾਂਝੇ ਤੌਰ ਤੇ ਪ੍ਰਜੈਕਟਾਂ ਤੇ ਕੰਮ ਕਰ ਸਕਣਗੇ ਅਤੇ ਸਰਬੱਤ ਦੇ ਭਲੇ ਲਈ ਨਵੀਆਂ ਕਾਢਾਂ ਕਰਨਗੇ। ਉਨ੍ਹਾਂ ਕਿਹਾ ਕਿ ਹੁਣ ਸਾਂਝੇ ਤੌਰ 'ਤੇ ਸੈਮੀਨਾਰਾਂ, ਵਰਕਸ਼ਾਪਾਂ ਅਤੇ ਕਾਨਫਰੰਸਾਂ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੁਵੱਲਾ ਸਮਝੌਤਾ ਅਧਿਆਪਕਾਂ ਦੇ ਅਕਾਦਮਿਕ ਵਿਕਾਸ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਮਹਿਤਾ ਚੌਕ ਦੇ ਮਠਾਰੂ ਇਲੈਕਟਰੋਨਿਕ ਦੀ ਦੁਕਾਨ ਅੰਦਰ ਸਰਕਟ ਸ਼ਾਟ ਕਾਰਨ ਲੱਗੀ ਭਿਆਨਕ ਅੱਗ -ਲੱਖਾਂ ਦਾ ਨੁਕਸਾਨ

## ਸਰਪੰਚ ਸ੍ਰੀ ਅਜੈ ਗਾਂਧੀ ਨੇ ਕੈਬਨਿਟ ਮੰਤਰੀ ਈ ਟੀ ਉ ਮੁਆਵਜਾ ਦੇਣ ਬਾਰੇ ਕਿਹਾ ਗਿਆ













**ਚੌਕ ਮਹਿਤਾ, 5 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)** - ਸਥਾਨਕ ਕਸਬਾ ਮਹਿਤਾ ਚੌਕ ਵਿਖੇ ਘੁਮਾਣ ਰੋਡ ਤੇ ਸਥਿਤ ਮਠਾਰੂ ਇਲੈਕਟਰੋਨਿਕ ਦੀ ਦੁਕਾਨ ਤੇ ਦੀ ਸ਼ਾਮ ਨੂੰ ਭਿਆਨਕ ਅੱਗ ਲੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਦੁਕਾਨ ਦੇ ਮਾਲਕ ਮਲਕੀਤ ਸਿੰਘ ਅਤੇ ਦਲਜੀਤ ਸਿੰਘ ਮਠਾਰੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕੇ ਉਹ ਬਰਸਾਤ ਦਾ ਮੌਸਮ ਹੋਣ ਕਰਕੇ ਸਮੇਂ ਸਿਰ ਦੁਕਾਨ ਦੇ ਸਟਰ ਬੰਦ ਕਰਕੇ ਘਰ ਜਾ ਚੁੱਕੇ ਸਨ ਕਿ ਨੇੜਲੀ ਦੁਕਾਨ ਪੰਕਜ ਸਵੀਟਸ ਦੇਖਿਆ ਕਿ ਉਹਨਾਂ ਦੀ ਦੁਕਾਨ ਲਾਗਲੀ ਦੁਕਾਨ ਦੇ ਅੰਦਰੋਂ ਧੂਆ ਉੱਠ ਰਿਹਾ ਹੈ ਉਨ੍ਹਾਂ ਨੇ ਤੁਰੰਤ ਦੁਕਾਨ ਦੇ ਮਾਲਕਾਂ ਨੂੰ ਦੱਸਿਆ ਕਿ ਤੁਹਾਡੀ ਦੁਕਾਨ ਵਿੱਚੋ ਧੂੰਆਂ ਨਿਕਲ ਰਿਹਾ ਹੈ ਜਿੱਥੇ ਉਹ ਦੋਵੇਂ ਭਰਾ ਮੌਕੇ ਤੇ ਪਹੁੰਚੇ ਅਤੇ ਲੋਕਾਂ ਦੀ ਮਦਦ ਦੇ ਨਾਲ ਦੁਕਾਨ ਦੇ ਸ਼ਟਰ ਚੁੱਕਿਆ ਤਾਂ ਅੰਦਰ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਸਨ। ਮਲਕੀਅਤ ਸਿੰਘ ਨੇ ਦੱਸਿਆ ਕਿ ਨੇੜਲੇ ਦੁਕਾਨਦਾਰਾਂ ਤੇ ਹੋਰ ਲੋਕਾਂ ਸਹਿਯੋਗ ਨਾਲ ਅੱਗ ਬੁਜਉਣ ਦੀ ਕੋਸ਼ਿਸ਼ ਕੀਤੀ ਪਰ ਅੱਗ ਜਿਆਦਾ ਹੋਣ ਕਾਰਣ ਬਿਜਲੀ ਦਾ ਸਮਾਨ ਸੜ ਕਿ ਸੁਆਹ ਹੋ ਰਿਹਾ ਸੀ ਮੌਕੇ ਤੇ ਲੋਕਾਂ ਨੇ ਉਹਨਾਂ ਦੇ ਸੜ ਰਹੇ ਸਮਾਨ ਨੂੰ ਬਚਾਉਣ ਵਿੱਚ ਮਦਦ ਕੀਤੀ ਜਿਸ ਉਪਰੰਤ ਥਾਣਾ ਮਹਿਤਾ ਦੀ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਅਤੇ ਫਾਇਰ ਬ੍ਰਿਗੇਡ ਨੂੰ ਵੀ ਫੋਨ ਕਰ ਦਿੱਤਾ ਗਿਆ। ਪੱਤਰਕਾਰਾਂ ਦੀ ਟੀਮ ਨੇ ਮੌਕੇ ਤੇ ਵੇਖਿਆ ਅੱਗ ਬਜਾਊ ਅਮਲੇ ਵੱਲੋਂ ਕੋਸ਼ਿਸ਼ਾਂ ਉਸ ਵੇਲੇ ਨਾਕਾਮ ਹੁੰਦੀਆਂ ਗਈਆਂ ਜਦੋਂ ਦੁਕਾਨ ਦੇ ਅੰਦਰ ਪਏ ਟਰਾਂਸਫਾਰਮਰਾਂ ਵਿੱਚ ਵਰਤੇ ਜਾਣ ਵਾਲੇ ਬਿਜਲੀ ਦੇ ਤੇਲ ਦੇ ਕੈਣਾ ਨੂੰ ਅੱਗ ਲੱਗ ਗਈ ਅਤੇ ਹੋਰ ਇਲੈਕਟ੍ਰਾਨਿਕ ਦੇ ਸਮਾਨ ਜਿਵੇਂ ਪਲਾਸਟਿਕ ਅਤੇ ਕੇਬਲਾਂ ਆਦਿ ਨੂੰ ਅੱਗ ਲੱਗਣ ਕਾਰਨ ਪਾਣੀ ਦਾ ਕੋਈ ਅਸਰ ਹੁੰਦਾ ਵਿਖਾਈ ਨਹੀਂ ਦਿੱਤਾ । ਜਿੱਥੇ ਹੋਰ ਫਾਇਰ ਬ੍ਰਿਗੇਡ ਗੱਡੀਆਂ ਵੀ ਪਹੁੰਚ ਗਈਆਂ ਤਿੰਨ ਤੋਂ ਚਾਰ ਘੰਟੇ ਦੀ ਮਿਹਨਤ ਮਸੱਕਦ ਪਿੱਛੋਂ ਅੱਗ ਤੇ ਕਾਬੂ ਪਾਇਆ ਗਿਆ ਪਰ ਅੱਗ ਦੀ ਲਪੇਟ ਵਿੱਚ ਆਇਆ ਸਮਾਨ ਪੂਰੀ ਤਰ੍ਹਾਂ ਸੜ ਕੇ ਸਵਾਹ ਹੋ ਗਿਆ। ਬਟਾਲਾ ਅੰਮ੍ਰਿਤਸਰ ਜੰਡਿਆਲਾ ਅਤੇ ਡੇਰਾ ਬਿਆਸ ਦੀਆਂ ਵੀ ਗੱਡੀਆਂ ਅੱਗ ਬਝਾਉਣ ਲਈ ਪਹੁੰਚ ਗਈਆਂ ਥਾਣਾ ਮਹਿਤਾ ਦੇ ਐਸ ਐਚ ਓ ਹਰਪਾਲ ਸਿੰਘ ਦੀ ਅਗਵਾਈ ਵਿੱਚ ਮੁਲਾਜਮ ਨਵਜਿੰਦਰ ਸਿੰਘ, ਏ ਐਸ ਆਈ ਦਲਜੀਤ ਸਿੰਘ, ਏ ਐਸ ਆਈ ਮਲਕੀਤ ਸਿੰਘ ਅਤੇ ਫਾਇਰ ਬ੍ਰਿਗੇਡ ਮੁਲਾਜਮ ਨਾਲ ਜਾਨ ਦੀ ਪ੍ਰਵਾਹ ਕੀਤੇ ਬਿਨਾ ਅੱਗੇ ਹੋਕੇ ਅੱਗ ਬੁਝਾਉਦੇ ਨਜ਼ਰ ਆਏ। ਜ਼ਿਕਰ ਯੋਗ ਹੈ ਕਿ ਕਸਬਾ ਮਹਿਤਾ ਚੌਂਕ ਅਜਿਹਾ ਵੱਡਾ ਹਾਦਸਾ ਪਹਿਲੀ ਵਾਰ ਵਾਪਰਿਆ। ਅੱਗ ਬਝਾਉਣ ਲਈ ਪੰਜ ਗੱਡੀਆਂ ਨੂੰ ਬਾਰ ਬਾਰ ਪਾਣੀ ਭਰ ਕੇ ਲਿਆਉਣਾ ਪਿਆ ਇਹ ਵੀ ਦੱਸਣ ਯੋਗ ਹੈ ਅੱਗ ਲੱਗਣ ਕਾਰਨ ਜਿੱਥੇ "ਮਠਾੜੂ ਇਲੈਕਟਰੋਨਿਕਸ" ਦੁਕਾਨ ਦਾ ਨੁਕਸਾਨ ਹੋਇਆ ਹੈ ਉੱਥੇ ਨੇੜੇ ਦੀਆਂ ਦੁਕਾਨਾਂ ਵੀ ਨੁਕਸਾਨੀਆਂ ਗਈਆਂ ਹਨ । ਮਲਕੀਤ ਸਿੰਘ ਤੇ ਦਲਜੀਤ ਸਿੰਘ ਨੇ ਪੀੜਤ ਦੁਕਾਨਦਾਰ ਮਠਾੜੂ ਭਰਾਵਾਂ ਨੇ ਦੱਸਿਆ ਕਿ ਉਹਨਾਂ ਦਾ ਲਗਭਗ ਪੰਜਾਹ ਲੱਖ ਰੁਪਏ ਦੇ ਕਰੀਬ ਨੁਕਸਾਨ ਹੋ ਚੁੱਕਾ ਹੈ ਤੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹਨਾਂ ਨੂੰ ਮੁਆਵਜਾ ਦਿੱਤਾ ਜਾਵੇ । ਉੱਥੇ ਚੌਕ ਮਹਿਤਾ ਦੀ ਪੰਚਾਇਤ ਅਤੇ ਸਰਪੰਚ ਸ੍ਰੀ ਅਜੈ ਗਾਂਧੀ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ ਨਾਲ ਸੰਪਰਕ ਰੱਖਿਆ ਗਿਆ ਅਤੇ ਹੋਏ ਨੁਕਸਾਨ ਬਾਰੇ ਦੱਸਿਆ ਗਿਆ ਅਤੇ ਮੁਆਵਜੇ ਬਾਰੇ ਵੀ ਸਰਪੰਚ ਸ੍ਰੀ ਅਜੈ ਗਾਂਧੀ ਨੇ ਕਿਹਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਹੜ੍ਹ ਪੀੜਤਾਂ ਲਈ ਸੇਵਾ ਲੈ ਕੇ ਆਉਣ ਵਾਲਿਆਂ ਲਈ

# ਰਿਹਾਇਸ਼ ਤੇ ਲੰਗਰ ਦਾ ਵਿਸ਼ੇਸ਼ ਪ੍ਰਬੰਧ : ਸ੍ਰ . ਕੁਲਦੀਪ ਸਿੰਘ ਸਰਪੰਚ ਮਹਿਮੇਚੱਕ


## ਇੰਟਰਨੈਸ਼ਨਲ ਪੰਥਕ ਦੱਲ ਦੇ ਸਰਪ੍ਰਸਤ ਸ੍ਰੀ ਅਕਾਲ ਤੱਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ ਦਾ ਕੀਤਾ ਵਿਸ਼ੇਸ਼ ਸਨਮਾਨ













ਪਿਛਲੇ ਕਰੀਬ 20 ਦਿਨਾਂ ਤੋਂ ਪੰਜਾਬ ਵਿੱਚ ਹੜ੍ਹਾਂ ਨੇ ਜਾਨੀ, ਮਾਲੀ ਬਹੁਤ ਨੁਕਸਾਨ ਕੀਤਾ ਹੋਇਆ ਹੈ ਇਹਨਾਂ ਹਾਲਾਤਾਂ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਰਾਜਸਥਾਨ ਹਰਿਆਣਾ ਤੇ ਹੋਰ ਦੂਰ ਦੁਰਾਡੇ ਤੋਂ ਸੇਵਾ ਲੈ ਕੇ ਆਉਣ ਵਾਲੀਆਂ ਸੰਗਤਾਂ ਲਈ ਡੇਰਾ ਬਾਬਾ ਨਾਨਕ ਦੇ ਇਲਾਕਿਆਂ ਵਿੱਚ ਸੇਵਾਦਾਰਾਂ ਨੂੰ ਰਾਤ ਰਹਿਣ ਅਤੇ ਲੰਗਰ ਪ੍ਰਸ਼ਾਦੇ ਦਾ ਖਾਸ਼ ਪ੍ਰਬੰਧ ਕੀਤਾ ਗਿਆ ਇਹ ਵਿਚਾਰ ਇੰਟਰਨੈਸ਼ਨਲ ਪੰਥਕ ਦੱਲ ਦੇ ਸਰਪ੍ਰਸਤ ਸ੍ਰੀ ਅਕਾਲ ਤੱਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਕੋਲੋਂ ਉਸ ਸਮੇਂ ਐਲਾਨ ਕਰਾਇਆ ਜਦੋਂ ਸਿੰਘ ਸਾਹਿਬ ਡੇਰਾ ਬਾਬਾ ਨਾਨਕ ਦੇ ਇਲਾਕਿਆਂ ਵਿੱਚ ਸੇਵਾਵਾਂ ਕਰ ਰਹੇ ਸਨ ਤੇ ਸ੍ਰ ਕੁਲਦੀਪ ਸਿੰਘ ਸਰਪੰਚ ਨੇ ਉਹਨਾਂ ਦਾ ਗੁਰਦੁਆਰਾ ਧੰਨ ਧੰਨ ਬਾਬਾ ਮਹਿਮਾ ਸਾਹਿਬ ਜੀ ਦੇ ਅਸਥਾਨ ਪਿੰਡ ਮਹਿਮੇਚੱਕ ਪਹੁੰਚਣ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ ਤੇ ਸਰਪੰਚ ਸਾਹਿਬ ਨੇ ਸਿੰਘ ਸਾਹਿਬ ਨੂੰ ਬੇਨਤੀ ਕੀਤੀ ਹੈ  ਇਸ ਇਲਾਕੇ ਵਿੱਚ ਸੇਵਾ ਲੈਕੇ ਆਉਣ ਵਾਲੀਆਂ ਸੰਗਤਾਂ ਲਈ ਰਹਿਣ ਦੇ ਪ੍ਰਬੰਧ ਦੀ ਸੇਵਾ ਅਸੀ ਗੁਰਦੁਆਰਾ ਬਾਬਾ ਮਹਿਮਾ ਸਾਹਿਬ ਜੀ ਵਿਖੇ ਕਰਾਂਗੇ ਸਰਪੰਚ ਸ੍ਰ ਕੁਲਦੀਪ ਸਿੰਘ ਦਾ ਸਿੰਘ ਸਾਹਿਬ ਜੀ ਵੱਲੋਂ ਸਿਰੋਪਾ ਭੇਂਟ ਕਰਕੇ ਸਨਮਾਨ ਕੀਤਾ ਗਿਆ ਸ੍ਰ ਕੁਲਦੀਪ ਸਿੰਘ ਸਰਪੰਚ ਮਹਿਮੇਚੱਕ ਦੇ ਨਾਲ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ ਗੁਰਦੀਪ ਸਿੰਘ ਨੰਬਰਦਾਰ ਬੂਆ ਸਿੰਘ ਸੁੱਚਾ ਸਿੰਘ ਹਰਦੀਪ ਸਿੰਘ ਰਜਵੰਤ ਸਿੰਘ ਹੈੱਡ ਗ੍ਰੰਥੀ ਭਾਈ ਸਾਹਿਬ ਸਿੰਘ ਤੇ ਭਾਈ ਪ੍ਰੇਮ ਸਿੰਘ ਤੇ ਸਮੂਹ ਗੁਰਦੁਆਰਾ ਬਾਬਾ ਮਹਿਮਾ ਸਾਹਿਬ ਦੇ ਪ੍ਰਬੰਧਕ ਹਾਜ਼ਰ ਸਨ।

### ਮਾਨ ਸਰਕਾਰ ਵਲੋਂ ਅਪਨਾਏ ਸਿਆਸਤ ਦੇ ਲੋਕ ਕਲਿਆਣਕਾਰੀ

# ਸੇਵਾ ਮਿਸ਼ਨ ਤੋਂ ਉਤਸ਼ਾਹਿਤ ਹੋਏ ਸੰਗਠਨ ਹੜ੍ਹ ਪੀੜਤਾਂ ਲਈ ਅੱਗੇ ਆਏ -ਧਾਲੀਵਾਲ





**ਅੰਮ੍ਰਿਤਸਰ/ਅਜਨਾਲਾ, 5 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਅਤੇ ਹਲਕਾ ਖਰੜ ਤੋਂ ਵਿਧਾਇਕਾ ਤੇ ਸਾਬਕਾ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਰਾਵੀ ਦਰਿਆ ਦੇ ਹੜਾਂ ਦੀ ਮਾਰ ਦੇ ਝੰਬੇ ਅਤੇ ਅਜੇ ਵੀ ਪਾਣੀ 'ਚ ਅੱਧ ਪਚੱਦੇ ਡੁੱਬੇ ਪਿੰਡ ਕੱਲੋਮਾਹਲ, ਸੁਲਤਾਨਮਾਹਲ, ਤੇ ਦਹੂਰੀਆਂ 'ਚ ਹੜ੍ਹ ਪੀੜਤਾਂ ਦੀ ਸਾਰ ਸੁੱਧ ਲੈਣ ਲਈ ਟਰੈਕਟਰ ਤੇ ਬੈਠ ਕੇ ਉਚੇਚੇ ਤੌਰ ਤੇ ਪੁੱਜੇ, ਜਿੱਥੇ ਹੜ੍ਹ ਪੀੜਤਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਤੇ ਹੌਂਸਲਾ ਦਿੰਦਿਆਂ ਸੱਤਾਧਾਰੀ ਵਿਧਾਇਕਾਂ ਸ: ਧਾਲੀਵਾਲ ਤੇ ਅਨਮੋਲ ਗਗਨ ਮਾਨ ਵਲੋਂ ਪੂਰਨ ਭਰੋਸਾ ਦਿੱਤਾ ਗਿਆ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਅਤੇ ਫਸਲਾਂ,

> ☛ ਕੇਂਦਰ ਸਰਕਾਰ ਦੀ ਪੰਜਾਬ 'ਚ ਹੜ੍ਹ ਪੀੜਤਾਂ ਦਾ ਅੱਖੀਂ ਦੁਖਾਂਤ ਵੇਖਣ ਦੇ ਬਾਵਜੂਦ ਅਜੇ ਵੀ ਚੁੱਪ ਮਤਰੇਈ ਮਾਂ ਵਾਲਾ ਸਲੂਕ- ਧਾਲੀਵਾਲ
>
> ☛ ਧਾਲੀਵਾਲ ਤੇ ਅਨਮੋਲ ਗਗਨ ਮਾਨ ਨੇ ਹੜ੍ਹ ਪੀੜਤਾਂ 'ਚ ਫੋਲਡਿੰਗ ਮੰਜੇ, ਤਰਪਾਲਾਂ ਆਦਿ 5 ਗੱਡੀਆਂ 'ਚ ਭਰਿਆਂ ਸਮਾਨ ਵੰਡਿਆ

ਘਰਾਂ, ਪਸ਼ੂਆਂ , ਮਨੁੱਖੀ ਜਾਨਾਂ ਆਦਿ ਦੇ ਹੋਏ ਨੁਕਸਾਨ ਦੇ ਮੁਆਵਜੇ ਵਜੋਂ ਲੋੜੀਂਦੀ ਰਾਹਤ ਰਾਸ਼ੀ ਦੇਣ ਲਈ ਵਚਣਬੱਧ ਹੈ। ਇਸ ਮੌਕੇ ਤੇ ਹਲਕਾ ਖਰੜ ਤੋਂ ਵਿਧਾਇਕ ਅਨਮੋਲ ਗਗਨ ਮਾਨ ਆਪਣੇ ਸਮਰਥਕਾਂ ਨਾਲ 5 ਗੱਡੀਆਂ ਭਰ ਕੇ ਲਿਆਂਦੇ ਗਏ ਫੋਲਡਿੰਗ ਮੰਜੇ, ਤਰਪਾਲਾਂ, ਮੱਛਰਦਾਨੀਆਂ, ਦਰੀਆਂ, ਅਚਾਰ ਚਾਰਾ, ਟਾਰਚਾਂ, ਆਡੋਮਾਸ, ਮੋਮਬੱਤੀਆਂ, ਸਮੇਤ ਖੰਡ , ਚਾਹ, ਆਦਿ ਘਰੇਲੂ ਵਰਤੋਂ ਦੀਆਂ ਜਰੂਰੀ ਵਸਤਾਂ ਨੂੰ ਹਲਕਾ ਵਿਧਾਇਕ ਤੇ ਸਾਬਕਾ ਮੰਤਰੀ ਸ: ਧਾਲੀਵਾਲ ਤੇ ਸਾਬਕਾ ਮੰਤਰੀ ਤੇ ਵਿਧਾਇਕਾ ਅਨਮੋਲ ਗਗਨ ਮਾਨ ਵਲੋਂ ਉਕਤ ਪ੍ਰਭਾਵਿਤ ਪਿੰਡਾਂ ਦੇ ਹੜ੍ਹ ਪੀੜਤਾਂ 'ਚ ਸੇਵਾ ਭਾਵਨਾ ਨਾਲ ਬਿਨ੍ਹਾਂ ਕਿਸੇ ਜਾਤੀ ਤੇ ਸਿਆਸੀ ਭੇਦਭਾਵ ਤੋਂ ਵੰਡਿਆ ਗਿਆ। ਉਪਰੰਤ ਗੱਲਬਾਤ ਦੌਰਾਨ ਵਿਧਾਇਕ ਤੇ ਸਾਬਕਾ ਮੰਤਰੀ ਸ: ਧਾਲੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਸਮੇਤ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਤੇ ਵਿਧਾਨਕਾਰਾਂ, ਮੰਤਰੀਆਂ ਵਲੋਂ ਆਪਣੇ ਸੱਤਾ ਦੇ ਕਾਰਜਕਾਲ ਦੌਰਾਨ ਫਿਰਕੂ ਨਫਰਤ ਤੇ ਸੌੜੀ ਰਾਜਨੀਤੀ ਨੂੰ ਆਪਣੇ ਮਿਸ਼ਨ 'ਚੋਂ ਤਿਲਾਂਜ਼ਲੀ ਦੇ ਕੇ ਲੋਕ ਕਲਿਆਣਕਾਰੀ ਮੁਫਤ ਬਿਜਲੀ, ਮੁਫਤ ਮਿਆਰੀ ਸਿਹਤ ਸਹੂਲਤਾਂ, ਪੰਜਾਬ ਦੇ 3 ਕਰੋੜ ਵੱਸੋਂ ਨੂੰ 10 ਲੱਖ ਰੁਪਏ ਤੱਕ ਬਿਨ੍ਹਾਂ ਕਿਸੇ ਸ਼ਰਤ ਤੋਂ ਮੁਫਤ ਇਲਾਜ ਬੀਮਾ, ਮਿਆਰੀ ਸਿੱਖਿਆ, ਆਦਿ ਅਨੇਕਾਂ ਸਹੂਲਤਾਂ ਨੂੰ ਆਪਣਾ ਕੇਂਦਰੀ ਮਿਸ਼ਨ ਬਣਾਏ ਜਾਣ ਦੇ ਨਤੀਜੇ ਵਜੋਂ ਹੀ ਜਿੱਥੇ ਦੇਸ਼ ਦੀ ਸਿਆਸਤ ਕਰ ਰਹੀਆਂ ਹੋਰ ਕੌਮੀ ਪਾਰਟੀਆਂ ਨੂੰ ਵੀ ਆਪਣੀ ਸਿਆਸਤ ਦਾ ਇਨ੍ਹਾਂ ਲੋਕ ਕਲਿਆਣਕਾਰੀ ਸਹੂਲਤਾਂ ਨੂੰ ਕੇਂਦਰੀ ਧੁਰਾ ਬਣਾਉਣ ਲਈ ਮਜਬੂਰ ਹੋਣਾ ਪਿਆ ਹੈ। ਉਥੇ ਸਮੱਚਾ ਪੰਜਾਬ ਕੁਦਰਤੀ ਆਫਤ ਹੜਾਂ ਦੀ ਲਪੇਟ 'ਚ ਆਉਣ ਨਾਲ ਆਮ ਆਦਮੀ ਪਾਰਟੀ ਦੀ ਲੋਕ ਕਲਿਆਣਕਾਰੀ ਸੇਵਾ ਤੇ ਸਿਆਸਤ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੀਆਂ ਸਮਾਜਿਕ , ਰਾਜਸੀ, ਤੇ ਧਾਰਮਿਕ ਸੰਗਠਨਾਂ ਵਲੋਂ ਹੜ੍ਹ ਪੀੜਤਾਂ ਤੱਕ ਲੋੜੀਂਦੀਆਂ ਵਸਤਾਂ ਪਹੁੰਚਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ।ਸ: ਧਾਲੀਵਾਲ ਨੇ ਕੇਂਦਰੀ ਸਰਕਾਰ ਵਲੋਂ ਪਿਛਲੇ 2 ਹਫਤਿਆਂ ਤੋਂ ਹੜ੍ਹਾਂ ਦੀ ਬਿਪਤਾ ਦੀ ਤਰਾਸਦੀ ਹੰਢਾ ਰਹੇ ਪੰਜਾਬ ਵਾਸੀਆਂ ਲਈ ਅਜੇ ਤੱਕ ਵੀ ਕੋਈ ਰਾਹਤ ਪੈਕੇਜ ਜਾਰੀ ਨਾ ਕੀਤੇ ਜਾਣ ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਅਸਲ 'ਚ ਜਮੀਨੀ ਰਾਹਤ ਦੀ ਮੁਢਲੀ ਜਿੰਮੇਵਾਰੀ ਕੇਂਦਰ ਸਰਕਾਰ ਤੇ ਆਉਂਦੀ ਹੈ ਪਰ ਇਸ ਜਿੰਮੇਵਾਰੀ ਨੂੰ ਕੇਂਦਰ ਸਰਕਾਰ ਸੂਬਿਆਂ ਤੇ ਸੁੱਟ ਕੇ ਆਪਣੇ ਆਪ ਨੂੰ ਸੁਰਖਰੂ ਹੋਇਆ ਮਹਿਸੂਸ ਕਰ ਰਹੀ ਹੈ।ਉਨ੍ਹਾਂ ਇਹ ਵੀ ਕਿਹਾ ਕਿ 2021-22 'ਚ ਪੰਜਾਬ ਅਤੇ ਬਿਹਾਰ ਆਦਿ ਸੂਬਿਆਂ 'ਚ ਹੜਾਂ ਨੇ ਭਿਆਨਕ ਤਬਾਹੀ ਮਚਾਈ ਸੀ ਅਤੇ ਉਸ ਸਮੇਂ ਬਿਹਾਰ ਨੂੰ ਤਾਂ ਵੱਡੇ ਆਰਥਿਕ ਪੈਕੇਜ ਨਾਲ ਕੇਂਦਰ ਸਰਕਾਰ ਵਲੋਂ ਨਿਵਾਜਦਿਆਂ ਪੰਜਾਬ ਨੂੰ ਅਣਗੌਲਿਆਂ ਕੀਤਾ ਗਿਆ।ਜਦੋਂਕਿ 2023 'ਚ ਪੰਜਾਬ 'ਚ ਆਏ ਹੜਾਂ ਦੇ ਦੁਖਾਂਤ ਦਾ ਜਾਇਜ਼ਾ ਲੈਣ ਲਈ ਕੇਂਦਰੀ ਸਰਕਾਰ ਵਲੋਂ ਖੇਤੀ , ਵਿੱਤੀ, ਬਿਜਲੀ, ਪੀਣ ਵਾਲਾ ਪਾਣੀ ਆਦਿ ਵਿਭਾਗਾਂ ਦੀਆਂ ਵੀ ਟੀਮਾਂ ਆਈਆਂ ਸਨ। ਪਰ ਇਨ੍ਹਾਂ ਟੀਮਾਂ ਵਲੋਂ ਕੇਂਦਰ ਨੂੰ ਰਿਪੋਰਟ ਦੇਣ ਦੇ ਬਾਵਜੂਦ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦਿਆਂ ਨਾ ਤਾਂ ਕੋਈ ਵਿਸ਼ੇਸ਼ ਵਿੱਤੀ ਪੈਕੇਜ ਜਾਰੀ ਕੀਤਾ ਗਿਆ ਅਤੇ ਨਾ ਹੀ ਫਸਲਾਂ ਦੇ ਹੋਏ ਖਰਾਬੇ ਦੀ ਮੁਆਵਜੇ ਦੀ ਰਾਸ਼ੀ 'ਚ ਕੋਈ ਵਾਧਾ ਕੀਤਾ ਗਿਆ। ਸ: ਧਾਲੀਵਾਲ ਨੇ ਕੇਂਦਰੀ ਸਰਕਾਰ ਨੂੰ ਜ਼ਜਬਾਤੀ ਰੌਂਅ 'ਚ ਕੋਸਦਿਆਂ ਕਿਹਾ ਕਿ ਬੀਤੇ ਕੱਲ ਕੇਂਦਰੀ ਖੇਤੀ ਮੰਤਰੀ ਸ਼ਿਵ ਰਾਜ ਸਿੰਘ ਚੌਹਾਨ ਨੇ ਪੰਜਾਬ ਦੇ ਹੜਾਂ ਦੀ ਮਾਰ ਦੇ ਖੇਤਰ ਦਾ ਜਾਇਜ਼ਾ ਲੈਂਦਿਆਂ ਪ੍ਰਵਾਣ ਕਰ ਲਿਆ ਹੈ ਕਿ ਪੰਜਾਬ 'ਚ ਹੜਾਂ ਦੀ ਪਰਲੋ ਨਾਲ ਫਸਲਾਂ ਮੁਕੰਮਲ ਤੌਰ ਤੇ ਬਰਬਾਦ ਹੋ ਚੁੱਕੀਆਂ ਹਨ ਅਤੇ ਕੇਂਦਰੀ ਟੀਮਾਂ ਵਲੋਂ ਵੀ ਜਾਇਜ਼ਾ ਲੈ ਲਿਆ ਗਿਆ ਹੈ। ਪਰ ਅਜੇ ਤੱਕ ਵੀ ਕੇਂਦਰ ਸਰਕਾਰ ਪੰਜਾਬ ਨਾਲ ਇਸ ਹੜਾਂ ਦੀ ਅਤਿਅੰਤ ਭਿਆਨਕ ਤਰਾਸਦੀ ਦੇ ਬਾਵਜੂਦ ਫਸਲਾਂ ਦੇ ਖਰਾਬੇ ਲਈ 80 ਹਜਾਰ ਰੁਪਏ ਪ੍ਰਤੀ ਏਕੜ , ਖੇਤੀ ਕਾਮਿਆਂ ਲਈ ਮੁਆਵਜਾ 1-1 ਲੱਖ ਰੁਪਏ , ਮਰੇ ਪਸ਼ੂਆਂ ਲਈ 1-1 ਲੱਖ ਰੁਪਏ, ਹੜ੍ਹ 'ਚ ਮਰੇ ਵਿਅਕਤੀਆਂ ਲਈ 20-20 ਲੱਖ ਰੁਪਏ ਆਦਿ ਰਾਹਤ ਫੰਡ ਜਾਰੀ ਕਰਨ 'ਚ ਮਤਰੇਈ ਮਾਂ ਵਾਲੇ ਸਲੂਕ ਤੇ ਪਹਿਰਾ ਦੇ ਰਹੀ ਹੈ।

### ਪੰਜਾਬ ਦੇ ਹੜ੍ਹ ਪੀੜ੍ਹਤ ਖੇਤਰਾਂ ਲਈ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ

# ਦੋ ਟਰੱਕ ਸਮਾਨ ਤੇ ਇਕ ਐਂਬੂਲੈਂਸ ਰਵਾਨਾ




**ਨਵੀਂ ਦਿੱਲੀ, 5 ਸਤੰਬਰ (ਮਨਪ੍ਰੀਤ ਸਿੰਘ ਖਾਲਸਾ)**:- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਗੁਰਦੁਆਰਾ ਰਕਾਬਗੰਜ ਸਾਹਿਬ ਤੋਂ ਪੰਜਾਬ ਦੇ ਹੜ੍ਹ ਪੀੜ੍ਹਤ ਇਲਾਕਿਆਂ ਵਾਸਤੇ ਦੋ ਟਰੱਕ ਰਾਹਤ ਸਮੱਗਰੀ ਅਤੇ ਇਕ ਐਂਬੂਲੈਂਸ ਰਵਾਨਾਂ ਕੀਤੀ ਗਈ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿਚ ਕੇਂਦਰੀ ਸਟੋਰ ਬਣਾਇਆ ਗਿਆ ਹੈ ਜਿਥੇ ਦਿੱਲੀ ਦੀਆਂ ਸੰਗਤਾਂ ਸਹਾਇਤਾ ਸਮੱਗਰੀ ਜਮ੍ਹਾਂ ਕਰਵਾ ਸਕਦੀਆਂ ਹਨ। ਉਹਨਾਂ ਕਿਹਾ ਕਿ ਅਸੀਂ ਯਕੀਨੀ ਬਣਾਵਾਂਗੇ ਕਿ ਸੰਗਤ ਵੱਲੋਂ ਦਸਵੰਧ ਨਾਲ ਦਿੱਤੀ ਸਮੱਗਰੀ ਸਹੀ ਤਰੀਕੇ ਪੰਜਾਬ ਵਿਚ ਹੜ੍ਹ ਪੀੜ੍ਹਤਾਂ ਤੱਕ ਪਹੁੰਚੇ। ਉਹਨਾਂ ਦੱਸਿਆ ਕਿ ਪਿਛਲੇ 10 ਦਿਨਾਂ ਤੋਂ ਡੇਰਾ ਬਾਬਾ ਨਾਨਕ ਅਤੇ ਅਜਨਾਲਾ ਇਲਾਕੇ ਵਿਚ ਦੋ ਰਾਹਤ ਕੈਂਪ ਕੰਮ ਕਰ ਰਹੇ ਹਨ ਜੋ ਹੜ੍ਹ ਮਾਰੇ ਲੋਕਾਂ ਨੂੰ ਲੋੜੀਂਦੀ ਸਮੱਗਰੀ ਪ੍ਰਦਾਨ ਕਰ ਰਹੇ ਹਨ। ਉਹਨਾਂ ਦੱਸਿਆ ਕਿ ਹੁਣ ਅਸੀਂ ਦਵਾਈਆਂ, ਬਿਸਤਰੇ ਤੇ ਕਪੜੇ ਵੀ ਤਿਆਰ ਕੀਤੇ ਹਨ ਜੋ ਟਰੈਕਟਰ ਟਰਾਲੀਆਂ ਤੇ ਹੋਰ ਸਾਧਨਾਂ ਰਾਹੀਂ ਲੋਕਾਂ ਦੇ ਘਰਾਂ ਤੱਕ ਪਹੁੰਚਦੀਆਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਲੰਗਰ, ਪਾਣੀ ਤੇ ਹੋਰ ਸਮਾਨ ਵੀ ਪ੍ਰਦਾਨ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਹੜ੍ਹਾਂ ਨਾਲ ਲੋਕਾਂ ਦੀ ਜ਼ਿੰਦਗੀ ਬਹੁਤ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ ਤੇ ਫਸਲਾਂ ਪੂਰੀ ਤਰ੍ਹਾਂ ਬਰਬਾਦ ਹੋਣ ਦੇ ਨਾਲ-ਨਾਲ ਆਮ ਲੋਕਾਂ ਦੇ ਘਰ ਵੀ ਢਹਿ ਢੇਰੀ ਹੋ ਗਏ ਹਨ ਅਤੇ ਪਸ਼ੂ ਧਨ ਦਾ ਵੀ ਨੁਕਸਾਨ ਹੋਇਆ ਹੈ। ਉਹਨਾਂ ਦੱਸਿਆ ਕਿ ਦਿੱਲੀ ਕਮੇਟੀ ਦੇ ਰਾਹਤ ਕੈਂਪਾਂ ਵਿਚ ਦਿੱਲੀ ਕਮੇਟੀ ਦੇ ਸਟਾਫ ਤੇ ਵਾਲੰਟੀਅਰਜ਼ ਲੋਕਾਂ ਦੀ ਲੋੜ ਮੁਤਾਬਕ ਸਹਾਇਤਾ ਵਾਸਤੇ ਸਮੱਗਰੀ ਪ੍ਰਦਾਨ ਕਰ ਰਹੇ ਹਨ। ਉਹਨਾਂ ਕਿਹਾ ਕਿ ਦਿੱਲੀ ਦੀ ਸੰਗਤ ਬੇਅੰਤ ਸਮਾਨ ਦੇ ਰਹੀ ਹੈ। ਉਹਨਾਂ ਕਿਹਾ ਕਿ ਸ਼ਨੀਵਾਰ ਨੂੰ ਅਸੀਂ ਫਿਰ ਹੜ੍ਹ ਪ੍ਰਭਾਵਤ ਇਲਾਕੇ ਦਾ ਦੌਰਾ ਕਰ ਕੇ ਜਾਇਜ਼ਾ ਲਵਾਂਗੇ। ਉਹਨਾਂ ਕਿਹਾ ਕਿ ਜਦੋਂ ਤੱਕ ਹਾਲਾਤ ਆਮ ਵਰਗੇ ਨਹੀਂ ਹੁੰਦੇ, ਇਹ ਸੇਵਾਵਾਂ ਜਾਰੀ ਰਹਿਣਗੀਆਂ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਬਠਿੰਡਾ ਵੱਲੋਂ ਨੈਤਿਕ ਸਿੱਖਿਆ ਇਮਤਿਹਾਨ (ਸਕੂਲ) 2025 ਦੇ ਨਤੀਜੇ ਘੋਸ਼ਿਤ




**ਤਲਵੰਡੀ ਸਾਬੋ/ਬਠਿੰਡਾ, 05 ਸਤੰਬਰ (ਗੁਰਜੰਟ ਸਿੰਘ ਨਥੇਹਾ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸਚਿਆਰ ਮਨੁੱਖਾਂ ਦਾ ਕਾਫਲਾ ਤਿਆਰ ਕਰਨ ਲਈ ਯਤਨਸ਼ੀਲ ਹੈ ਜੋ ਕਿ ਸਮਾਜ ਵਿੱਚੋਂ ਗੁਆਚੀਆਂ ਕਦਰਾਂ ਕੀਮਤਾਂ ਦੀ ਮੁੜ ਬਹਾਲੀ ਕਰ ਸਕਣ। ਇਸੇ ਲੜੀ ਤਹਿਤ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਬਠਿੰਡਾ ਵੱਲੋਂ ਸਾਲ 2025 ਦਾ ਨੈਤਿਕ ਸਿੱਖਿਆ ਇਮਤਿਹਾਨ ਸਕੂਲਾਂ ਲਈ ਮਿਤੀ 22 ਅਗਸਤ 2025 ਨੂੰ ਕਰਾਇਆ ਗਿਆ। ਇਸ ਇਮਤਿਹਾਨ ਦਾ ਨਤੀਜਾ ਘੋਸ਼ਿਤ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਬਠਿੰਡਾ ਦੇ ਪ੍ਰਧਾਨ ਬਲਵੰਤ ਸਿੰਘ ਕਾਲਝਰਾਣੀ ਅਤੇ ਸਕੱਤਰ ਡਾ. ਗੁਰਜਿੰਦਰ ਸਿੰਘ ਰੋਮਾਣਾ ਨੇ ਦੱਸਿਆ ਕਿ ਇਸ ਇਮਤਿਹਾਨ ਵਿੱਚ ਬਠਿੰਡਾ ਖੇਤਰ ਦੇ 60 ਸਕੂਲਾਂ ਦੇ ਪਹਿਲੀ ਤੋਂ ਬਾਹਰਵੀਂ ਤੱਕ ਦੇ 3800 ਵਿਦਿਆਰਥੀਆਂ ਨੇ ਭਾਗ ਲਿਆ। ਉਹਨਾਂ ਦੱਸਿਆ ਕਿ ਦਰਜਾ ਤੀਜਾ (ਨੌਵੀਂ ਤੋਂ ਬਾਹਰਵੀਂ) ਤੱਕ ਦੇ ਇਮਤਿਹਾਨ ਵਿੱਚ ਪਹਿਲੇ ਸੱਤ ਸਥਾਨਾਂ ਵਿੱਚੋਂ ਪੰਜ ਸਥਾਨ ਕੁੜੀਆਂ ਨੇ ਹਾਸਲ ਕੀਤੇ। ਤੀਜੇ ਦਰਜੇ ਦੀ ਪ੍ਰੀਖਿਆ ਵਿੱਚੋਂ ਪੀ.ਏ.ਯੂ ਇੰਸਟੀਚਿਊਟ ਆਫ ਐਗਰੀਕਲਚਰ ਬਠਿੰਡਾ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ ਪਹਿਲਾ ਸਥਾਨ, ਦਸ਼ਮੇਸ਼ ਗਰਲਜ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਬਾਦਲ ਦੀ ਜੈਸਮੀਨ ਕੌਰ ਨੇ ਦੂਜਾ ਸਥਾਨ, ਮੈਰੀਟੋਰੀਅਸ ਸਕੂਲ ਬਠਿੰਡਾ ਦੇ ਰੂਪ ਸਿੰਘ ਅਤੇ ਹਰਦੀਪ ਸਿੰਘ ਨੇ ਕਰਮਵਾਰ ਤੀਜਾ ਤੇ ਚੌਥਾ (1) ਸਥਾਨ ਹਾਸਲ ਕੀਤਾ। ਇਸੇ ਤਰੀਕੇ ਨਾਲ ਬਾਬਾ ਫਰੀਦ ਸੀਨੀਅਰ ਸਕੈਡਰੀ ਸਕੂਲ ਦਿਉਣ ਦੀ ਸੁਮਨਦੀਪ ਕੌਰ ਨੇ ਚੌਥਾ (2) ਸਥਾਨ ਹਾਸਿਲ ਕੀਤਾ। ਲਿਟਲ ਫਲਾਵਰ ਸੀਨੀਅਰ ਸੈਕੈਡੀ ਸਕੂਲ ਬਠਿੰਡਾ ਦੀ ਵਿਦਿਆਰਥਨ ਖੁਸ਼ਬੂ ਅਤੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਘੁੱਦਾ ਦੀ ਵਿਦਿਆਰਥਣ ਅਸ਼ਮਨਦੀਪ ਕੌਰ ਨੇ ਦੋ ਪੰਜਵੇਂ ਸਥਾਨ ਹਾਸਿਲ ਕੀਤੇ। ਦਰਜਾ ਦੂਜਾ (ਛੇਵੀਂ ਤੋਂ ਅੱਠਵੀਂ ਸ਼੍ਰੇਣੀ) ਵਿੱਚ ਲਿਟਲ ਫਲਾਵਰ ਸੀਨੀਅਰ ਸੈਕੈਂਡਰੀ ਪਬਲਿਕ ਸਕੂਲ ਬਠਿੰਡਾ ਦੇ ਵਿਦਿਆਰਥੀ ਹਰਨੂਰਪ੍ਰੀਤ ਸਿੰਘ ਨੇ ਪਹਿਲਾਂ, ਸ੍ਰੀ ਗੁਰੂ ਹਰਗੋਬਿੰਦ ਕੰਨਿਆ ਸੀਨੀਅਰ ਸੈਕੈਡੀ ਸਕੂਲ ਨਥਾਣਾ ਦੇ ਏਕਮਨੂਰ ਸਿੰਘ ਨੇ ਦੂਜਾ ਅਤੇ ਗੁਰੂ ਰਾਮਦਾਸ ਪਬਲਿਕ ਸਕੂਲ ਲਹਿਰਾ ਮੁਹੱਬਤ ਦੇ ਪਰਮਵੀਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਟੋਪ ਰੈਂਕਰ ਇੰਟਰਨੈਸ਼ਨਲ ਸਕੂਲ ਨਥਾਣਾ ਦੇ ਗੁਰਨੂਰ ਸਿੰਘ ਅਤੇ ਸ੍ਰੀ ਗੁਰੂ ਹਰਗੋਬਿੰਦ ਕੰਨਿਆ ਸੀਨੀਅਰ ਸੈਕੈਂਡਰੀ ਸਕੂਲ ਨਥਾਣਾ ਦੀ ਸੁਖਮਨੀ ਕੌਰ ਨੇ ਦੋ ਚੌਥੇ ਸਥਾਨ ਹਾਸਲ ਕੀਤੇ। ਇਸੇ ਤਰੀਕੇ ਨਾਲ ਲਿਟਲ ਫਲਾਵਰ ਸੀਨੀਅਰ ਸੈਕੈਂਡਰੀ ਪਬਲਿਕ ਸਕੂਲ ਬਠਿੰਡਾ ਦੇ ਸਮੀਰ ਅਤੇ ਸਰਕਾਰੀ ਹਾਈ ਸਕੂਲ ਗਿੱਦੜ ਦੇ ਬਲਕਾਰ ਸਿੰਘ ਨੇ ਦੋ ਪੰਜਵੇਂ ਸਥਾਨ ਹਾਸਿਲ ਕੀਤੇ। ਇਸ ਤੋਂ ਇਲਾਵਾ ਦਰਜਾ ਤੀਜਾ (ਨੌਵੀਂ ਤੋਂ ਬਾਰਵੀਂ ਤੱਕ) ਦੀ ਪ੍ਰੀਖਿਆ ਵਿੱਚ ਵੱਖ-ਵੱਖ ਸਕੂਲਾਂ ਦੇ 38 ਵਿਦਿਆਰਥੀਆਂ ਨੇ ਮੈਰਿਟ ਸਥਾਨ ਹਾਸਿਲ ਕੀਤਾ, ਜਦੋਂ ਕਿ ਦਰਜੇ ਦੂਜੇ (ਛੇਵੀਂ ਤੋਂ ਅੱਠਵੀਂ ਤੱਕ) ਦੇ 27 ਵਿਦਿਆਰਥੀਆਂ ਨੇ ਮੈਰਿਟ ਹਾਸਿਲ ਕੀਤੀ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਇਸ ਇਮਤਿਹਾਨ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਅਕਤੂਬਰ 2025 ਵਿੱਚ ਹੋਣ ਵਾਲੇ ਅੰਤਰ-ਸਕੂਲ ਯੁਵਕ ਮੇਲੇ ਵਿੱਚ ਨਗਦ ਇਨਾਮ ਅਤੇ ਮੋਮੈਂਟੋ ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਇਮਤਿਹਾਨ ਨੂੰ ਸਫਲਤਾ ਨਾਲ ਸੰਪੂਰਣ ਕਰਵਾਉਣ ਲਈ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਬਠਿੰਡਾ ਦੀ ਟੀਮ ਵੱਲੋਂ ਸੁਰਿੰਦਰ ਪਾਲ ਸਿੰਘ ਬੱਲੂਆਣਾ, ਰਮਨਦੀਪ ਸਿੰਘ ਰਾਮਪੁਰਾ, ਊਧਮ ਸਿੰਘ ਨਥਾਣਾ, ਹਰਪਾਲ ਸਿੰਘ ਚੌਕੇ, ਸੰਦੀਪ ਸਿੰਘ ਜੰਡਵਾਲਾ, ਪਵਿੱਤਰ ਕੌਰ ਤੇ ਇੰਦਰਜੀਤ ਸਿੰਘ ਲਹਿਰਾ ਮੁਹੱਬਤ ਪਾਵਰ ਕਾਲੋਨੀ, ਗੁਰ ਸੇਵਕ ਸਿੰਘ ਚੁੱਘੇ ਕਲਾਂ, ਬਲਵੰਤ ਸਿੰਘ ਕਾਲਝਰਾਣੀ, ਬਲਵੰਤ ਸਿੰਘ ਮਾਨ ਬਠਿੰਡਾ, ਇਕਬਾਲ ਸਿੰਘ ਕਾਉਣੀ ਅਤੇ ਡਾ. ਗੁਰਜਿੰਦਰ ਸਿੰਘ ਰੋਮਾਣਾ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਵੱਲੋਂ ਪਿੰਡ ਸਭਰਾਵਾਂ ਵਿਖੇ ਹੜ੍ਹ ਪੀੜਤਾਂ ਲਈ ਮੈਡੀਕਲ ਕੈਂਪ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਿਹੈ




ਫ਼ਿਰੋਜ਼ਪੁਰ, 5 ਸਤੰਬਰ (ਮਨੋਹਰ ਲਾਲ) :— ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਵੱਲੋਂ ਪਿੰਡ ਸਭਰਾਵਾਂ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਮੈਡੀਕਲ ਕੈਂਪ ਚੱਲ ਰਹੇ ਹਨ, ਜਿਸ ਵਿਚ ਜਥੇਦਾਰ ਭਾਈ ਸਰਵਣ ਸਿੰਘ ਮੱਲਾਂਵਾਲਾ, ਜਥੇਦਾਰ ਚਮਕੌਰ ਸਿੰਘ ਅਤੇ ਡਾਕਟਰਾਂ ਦੀਆਂ ਟੀਮਾਂ ਸੇਵਾ ਕਰ ਰਹੀਆਂ ਹਨ ਅਤੇ ਹੜ੍ਹ ਪੀੜਤਾਂ ਨੂੰ ਦਵਾਈਆਂ ਅਤੇ ਹਰ ਤਰ੍ਹਾਂ ਦੇ ਟੈਸਟ ਕੀਤੇ ਜਾਂਦੇ ਹਨ। ਉਪਰੋਕਤ ਆਗੂਆਂ ਨੇ ਹੜ੍ਹ ਪੀੜਤਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜਿਸ ਨੂੰ ਵੀ ਕੋਈ ਬਿਮਾਰੀ ਹੈ ਟੈਸਟ ਕਰਵਾ ਕੇ ਦਵਾਈ ਲੈ ਸਕਦਾ ਹੈ। ਇਸ ਮੌਕੇ ਤੇ ਜਥੇਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਵੀ ਹਾਜ਼ਰ ਸਨ।

### ਫਰਾਈ ਡੇ ਡਰਾਈ ਡੇ ਕੰਪੇਨ ਤਹਿਤ ਤਲਵੰਡੀ ਸਾਬੋ ਵਿਖੇ ਖਾਲੀ ਪਲਾਟ ਅਤੇ ਗਲੀਆਂ ਵਿਚ

# ਬਰਸਾਤਾਂ ਦਾ ਖੜ੍ਹਾ ਪਾਣੀ, ਮਨਾਇਆ ਫਰਾਈ ਡੇ ਡਰਾਈ ਡੇ ਦਿਹਾੜਾ





ਤਲਵੰਡੀ ਸਾਬੋ, 5 ਸਤੰਬਰ (ਗੁਰਜੰਟ ਸਿੰਘ ਨਥੇਹਾ)- ਸਿਹਤ ਵਿਭਾਗ ਵਲੋਂ ਫਰਾਈ ਡੇ ਡਰਾਈ ਡੇ ਕੰਪੇਨ ਤਹਿਤ ਸਿਵਲ ਸਰਜਨ ਬਠਿੰਡਾ ਡਾ. ਤਪਿੰਦਰਜੋਤ ਕੌਸ਼ਲ ਅਤੇ ਸੀਨੀਅਰ ਮੈਡੀਕਲ ਅਫ਼ਸਰ ਤਲਵੰਡੀ ਸਾਬੋ ਡਾ. ਰਵੀ ਕਾਂਤ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੁਲਦੀਪ ਸਿੰਘ ਮਲਟੀਪਰਪਜ ਹੈਲਥ ਸੁਪਰਵਾਈਜਰ, ਹਰਪਾਲ ਸਿੰਘ ਗਿਆਨਾ ਮਲਟੀਪਰਪਜ ਹੈਲਥ ਵਰਕਰ, ਟੀਮ ਨੇ ਇਨ੍ਹਾਂ ਥਾਵਾਂ 'ਤੇ ਜਾ ਕੇ ਲਾਰਵੇ ਦੀ ਜਾਂਚ ਕੀਤੀ ਅਤੇ ਲੋਕਾਂ ਨੂੰ ਡੇਂਗੂ ਮਲੇਰੀਆ ਤੋਂ ਬਚਾਅ ਲਈ ਨੁਕਤੇ ਸਾਂਝੇ ਕੀਤੇ। ਇਸ ਮੌਕੇ ਉਨ੍ਹਾਂ ਕਿਹਾ ਕਿ ਡੇਂਗੂ ਦੀਆਂ ਜ਼ਿਆਦਾਤਰ ਬਿਮਾਰੀਆਂ ਬਾਰਿਸ਼ ਦੇ ਸ਼ੁਰੂਆਤੀ ਪੜਾਅ 'ਤੇ ਦਿਖਾਈ ਦਿੰਦੀਆਂ ਹਨ ਅਤੇ ਇਸ ਦੌਰਾਨ ਸਭ ਤੋਂ ਵੱਧ ਸਾਵਧਾਨੀਆਂ ਦੀ ਲੋੜ ਹੁੰਦੀ ਹੈ। ਇਸ ਬਿਮਾਰੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਵਿਭਾਗ ਵੱਲੋਂ ਡੇਂਗੂ ਪ੍ਰਤੀ ਲੋਕਾਂ ਨੂੰ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਡੇਂਗੂ ਦਾ ਲਾਰਵਾ ਮੁੱਖ ਤੌਰ 'ਤੇ ਸਾਫ ਖੜ੍ਹੇ ਪਾਣੀ ਵਿਚ ਪੈਦਾ ਹੁੰਦਾ ਹੈ ਅਤੇ ਜੁਲਾਈ ਤੋਂ ਅਕਤੂਬਰ ਇਸ ਦੇ ਵਾਧੇ ਲਈ ਸਭ ਤੋਂ ਅਨੁਕੂਲ ਸਮਾਂ ਹੁੰਦਾ ਹੈ। ਡੇਂਗੂ ਬੁਖਾਰ ਮਾਦਾ ਐਡੀਜ ਅਜੈਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਸ ਲਈ ਇਸ ਨੂੰ ਟਾਇਗਰ ਮੱਛਰ ਵੀ ਕਹਿੰਦੇ ਹਨ। ਇੱਕ ਹਫਤੇ ਦੇ ਅੰਦਰ-ਅੰਦਰ ਅੰਡੇ ਤੋਂ ਪੂਰਾ ਅਡੱਲਟ ਮੱਛਰ ਬਣ ਕੇ ਤਿਆਰ ਹੋ ਜਾਂਦਾ ਹੈ। ਇਹ ਮੱਛਰ ਇਕ ਚੱਮਚ ਪਾਣੀ ਵਿਚ ਵੀ ਪੈਦਾ ਹੋ ਜਾਂਦਾ ਹੈ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਡੇਂਗੂ ਦਾ ਮੱਛਰ ਕੂਲਰਾਂ, ਕੰਨਟੇਨਰਾਂ, ਫਰਿਜ਼ ਦੇ ਪਿਛੇ ਲੱਗੀਆਂ ਟ੍ਰੇਆਂ, ਗਮਲਿਆਂ, ਘਰਾਂ ਦੀਆਂ ਛੱਤਾਂ ਉਪਰ ਪਏ ਕਬਾੜ, ਟਾਇਰ ਆਦਿ ਵਿਚ ਖੜ੍ਹੇ ਸਾਫ ਪਾਣੀ ਵਿਚ ਪੈਦਾ ਹੁੰਦਾ ਹੈ। ਇਹ ਮੱਛਰ ਜਿਆਦਾਤਰ ਸਵੇਰ ਵੇਲੇ ਸੂਰਜ ਚੜਣ ਤੋਂ ਬਾਅਦ ਅਤੇ ਸ਼ਾਮ ਨੂੰ ਸੂਰਜ ਡੁਬਣ ਵੇਲੇ ਅਤੇ ਸਰੀਰ ਦੇ ਹੇਠਲੇ ਹਿੱਸਿਆਂ 'ਤੇ ਕੱਟਦਾ ਹੈ। ਜੇ ਕਿਸੇ ਨੂੰ ਤੇਜ਼. ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿਚ ਦਰਦ, ਮਸੂੜਿਆਂ ਤੇ ਨੱਕ ਵਿਚ ਖੂਨ ਵਗਣਾ ਜਿਹੇ ਲਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਬੁਖਾਰ ਹੋਣ ਤੇ ਐਸਪ੍ਰੀਨ ਅਤੇ ਬਰੂਫਨ ਨਹੀਂ ਲੈਣੀ ਚਾਹੀਦੀ ਸਿਰਫ ਪੈਰਾਸੀਟਾਮੋਲ ਡਾਕਟਰ ਦੀ ਸਲਾਹ ਨਾਲ ਹੀ ਲਵੋ। ਡੇਂਗੂ ਵਿੱਚ ਪਲੇਟਲੈਟਸ ਲਗਾਤਾਰ ਘਟਦੇ ਹਨ ਅਤੇ ਇਹ ਬਿਮਾਰੀ ਖਤਰਨਾਕ ਹੋ ਜਾਂਦੀ ਹੈ। ਡੇਂਗੂ ਦੇ ਲੱਛਣ 2 ਤੋਂ 7 ਦਿਨਾਂ ਤੱਕ ਰਹਿੰਦੇ ਹਨ। ਇਸ ਦੌਰਾਨ ਪਾਣੀ ਜਾਂ ਤਰਲ ਪਦਾਰਥ ਜਿਆਦਾ ਪੀਣੇ ਚਾਹੀਦੇ ਹਨ ਅਤੇ ਆਰਾਮ ਕਰਨਾ ਚਾਹੀਦਾ ਹੈ। ਇਸ ਮੌਕੇ ਲੋਕਾਂ ਨੂੰ ਇਸ ਮੁਹਿੰਮ ਨਾਲ ਵਿਚ ਵੱਧ ਤੋਂ ਵੱਧ ਸਾਥ ਦੇਣ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਟੀਮ ਨੇ ਗਲੀਆਂ ਵਿਚ ਬਰਸਾਤਾਂ ਦਾ ਖੜ੍ਹੇ ਪਾਣੀ ਵਿੱਚ ਲਾਰਵਾ ਸਾਇਡਲ ਸਪਰੇਅ ਦਾ ਛਿੜਕਾਅ ਕੀਤਾ ਅਤੇ ਪੰਛੀਆਂ ਦੇ ਕਟੋਰਿਆਂ ਚੋਂ ਕਾਫੀ ਮਾਤਰਾ ਚ ਲਾਰਵਾ ਮਿਲਿਆ ਜੋ ਕਿ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ। ਇਸ ਮੌਕੇ ਕੁਲਦੀਪ ਸਿੰਘ ਕਮਾਲੂ, ਗੁਰਸੇਵਕ ਸਿੰਘ ਅਤੇ ਜਗਸੀਰ ਸਿੰਘ ਮਲਟੀਪਰਪਜ ਹੈਲਥ ਵਰਕਰ ਹਾਜ਼ਰ ਸਨ।

### ਘੱਗਰ ਦਰਿਆ ਦੇ ਕੰਢਿਆਂ ਦੀ ਮਜ਼ਬੂਤੀ ਲਈ ਪੰਜਾਬ ਸਰਕਾਰ ਵੱਲੋਂ ਨਹੀਂ ਛੱਡੀ ਜਾ ਰਹੀ ਕੋਈ ਕਸਰ: ਬਰਿੰਦਰ ਕੁਮਾਰ ਗੋਇਲ

# ਸੰਭਾਵੀ ਹੜ੍ਹਾਂ ਸਬੰਧੀ ਘੱਗਰ ਦਰਿਆ ਨੇੜਲੇ ਪਿੰਡਾਂ ਲਈ 05 ਰਾਹਤ ਕੈਂਪ ਬਣਾਏ

ਮੂਨਕ ( ਰਣਜੀਤ ਸਿੰਘ ਪੇਧਨੀ )-ਘੱਗਰ ਦਰਿਆ ਕਾਰਨ ਪੈਦਾ ਹੋਈ ਸੰਭਾਵੀ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਦਰਿਆ ਦੇ ਕੰਢਿਆਂ ਦੀ ਮਜ਼ਬੂਤੀ ਲਈ ਪੰਜਾਬ ਸਰਕਾਰ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਤੇ ਬੋਰੀਆਂ ਭਰਨ ਤੇ ਲੋੜ ਮੁਤਾਬਕ ਉਹਨਾਂ ਦੇ ਵਰਤੋਂ ਦਾ ਕੰਮ ਲਗਾਤਾਰ ਜਾਰੀ ਹੈ। ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ 24 ਘੰਟੇ ਘੱਗਰ ਦਰਿਆ ਦੇ ਖੇਤਰ ਵਿੱਚ ਕਾਰਜਸ਼ੀਲ ਹਨ। ਇਸ ਦੇ ਨਾਲ-ਨਾਲ ਆਮ ਲੋਕਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨੂੰ ਜਿੰਨੇ ਵੱਡੇ ਪੱਧਰ ਉੱਤੇ ਸਹਿਯੋਗ ਦਿੱਤਾ ਜਾ ਰਿਹਾ ਹੈ, ਉਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ, ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਘੱਗਰ ਦਰਿਆ ਦਾ ਮਕਰੌੜ ਸਾਹਿਬ, ਕੜੈਲ, ਮੂਨਕ ਬੰਨ੍ਹ, ਚਾਦੂੰ ਬੰਨ੍ਹ, ਫੂਲਦ ਸਮੇਤ ਵੱਖ ਵੱਖ ਥਾਵਾਂ 'ਤੇ ਜਾਇਜ਼ਾ ਲੈਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨੇ ਐਨ.ਡੀ.ਆਰ.ਐਫ. ਦੀਆਂ ਟੀਮਾਂ ਨਾਲ ਵੀ ਗੱਲਬਾਤ ਕੀਤੀ। ਸ਼੍ਰੀ ਗੋਇਲ ਨੇ ਦੱਸਿਆ ਕਿ ਘੱਗਰ ਦਰਿਆ ਨੇੜਲੇ ਸ਼ਹਿਰਾਂ ਤੇ ਪਿੰਡਾਂ ਲਈ 05 ਰਾਹਤ ਕੈਂਪ ਵੱਖ-ਵੱਖ ਥਾਂ ਬਣਾਏ ਗਏ ਹਨ ਤੇ ਬਕਾਇਦਾ ਵੱਖ ਵੱਖ ਅਧਿਕਾਰੀਆਂ ਨੂੰ ਕੈਂਪਾਂ ਦਾ ਇੰਚਾਰਜ ਲਾਇਆ ਲਿਆ ਗਿਆ ਹੈ। ਪਿੰਡ ਰਾਮਪੁਰਾ ਗੁੱਜਰਾਂ, ਹਾਂਡਾ, ਕੁੰਦਨੀ, ਫੂਲਦ, ਘਮੂਰਘਾਟ ਅਤੇ ਗਨੇਟਾ ਸਬੰਧੀ ਰਾਹਤ ਕੈਂਪ ਸਰਕਾਰੀ ਹਾਈ ਸਕੂਲ, ਰਾਮਪੁਰਾ ਗੁਜਰਾ ਵਿਖੇ ਬਣਾਇਆ ਗਿਆ ਹੈ, ਜਿਸ ਦੇ ਇੰਚਾਰਜ ਅਮਨਦੀਪ ਸਿੰਘ, ਸਕੱਤਰ, ਮਾਰਕਿਟ ਕਮੇਟੀ, ਮੂਨਕ, (98145-52212) ਨੂੰ ਲਾਇਆ ਗਿਆ ਹੈ। ਮੂਨਕ ਸ਼ਹਿਰ, ਪਿੰਡ ਕਬੀਰਪੁਰ, ਵਜੀਦਪੁਰ, ਕੜੈਲ ਅਤੇ ਸਲੇਮਗੜ੍ਹ ਸਬੰਧੀ ਰਾਹਤ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲੜਕੇ, ਮੂਨਕ ਵਿਖੇ ਬਣਾਇਆ ਗਿਆ ਹੈ, ਜਿਸ ਦੇ ਇੰਚਾਰਜ ਬਲਜਿੰਦਰ ਸਿੰਘ, ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਮੂਨਕ, (98885-18255) ਨੂੰ ਲਾਇਆ ਗਿਆ ਹੈ। ਹਮੀਰਗੜ੍ਹ, ਸੁਰਜਣਭੈਣੀ, ਭੂੰਦੜਭੈਣੀ, ਬੁਸੈਹਰਾ ਅਤੇ ਬੰਗਾਂ ਲਈ ਰਾਹਤ ਕੈਂਪ ਲਾਡਰ ਸ਼ਿਵਾ ਸਕੂਲ, ਹਮੀਰਗੜ੍ਹ ਵਿਖੇ ਬਣਾਇਆ ਗਿਆ ਹੈ ਤੇ ਇਸ ਦੇ ਇੰਚਾਰਜ ਗੁਰਵਿੰਦਰ ਸਿੰਘ, ਸੀ.ਡੀ.ਪੀ.ਓ., ਮੂਨਕ, (94178-28680) ਨੂੰ ਲਾਇਆ ਗਿਆ ਹੈ। ਮੰਡਵੀ, ਮਕਰੌੜ ਸਾਹਿਬ, ਚਾਦੂੰ, ਸ਼ਾਹਪੁਰਖੇੜੀ ਅਤੇ ਅਨਦਾਨਾ ਲਈ ਰਾਹਤ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੰਡਵੀ, ਵਿਖੇ ਬਣਾਇਆ ਗਿਆ ਹੈ, ਜਿਸ ਦੇ ਇੰਚਾਰਜ ਸ਼੍ਰੀ ਵਿਨੋਦ ਕੁਮਾਰ ਜੋਸ਼ੀ, ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ, ਅਨਦਾਨਾ ਐਟ ਮੂਨਕ (97814-15006) ਨੂੰ ਲਾਇਆ ਗਿਆ ਹੈ। ਖਨੌਰੀ, ਬਨਾਰਸੀ, ਬਾਉਪੁਰ, ਹੋਤੀਪੁਰ ਅਤੇ ਨਵਾਗਾਓ ਸਬੰਧੀ ਕੈਂਪ ਸਰਕਾਰੀ ਸੀਨੀਅਰ ਸੈਕੰਡਰੀ, ਸਕੂਲ, ਖਨੌਰੀ ਵਿਖੇ ਰਾਹਤ ਕੈਂਪ ਬਣਾਇਆ ਗਿਆ ਹੈ, ਜਿਸ ਦੇ ਇੰਚਾਰਜ ਮੋਹਿਤ ਕੁਮਾਰ, ਸਕੱਤਰ, ਮਾਰਕਿਟ ਕਮੇਟੀ ਖਨੌਰੀ (97801-07977) ਨੂੰ ਲਾਇਆ ਗਿਆ ਹੈ। ਦਰਿਆ ਦੇ ਆਲੇ ਦੁਆਲੇ ਦੇ ਖੇਤਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, 15 ਸੰਵੇਦਨਸ਼ੀਲ ਥਾਵਾਂ, ਜਿੱਥੇ 2023 ਵਿੱਚ ਪਾੜ ਪਿਆ ਸੀ ਅਤੇ ਦਰਿਆ ਦੇ ਨਾਲ ਲੱਗਦੇ ਹੋਰ ਸਥਾਨਾਂ ਦੀ ਪਛਾਣ ਕੀਤੀ ਗਈ ਹੈ, ਜਿੱਥੇ ਜੰਬੋ ਬੈਗਾਂ ਸਮੇਤ ਰੇਤ ਦੀਆਂ ਬੋਰੀਆਂ ਨਾਲ ਦਰਿਆ ਦੇ ਕੰਢਿਆਂ ਨੂੰ ਮਜ਼ਬੂਤ ਕੀਤਾ ਗਿਆ ਹੈ ਤੇ ਠੀਕਰੀ ਪਹਿਰੇ ਵੀ ਲਾਏ ਜਾ ਰਹੇ ਹਨ। ਡਰੇਨੇਜ ਵਿਭਾਗ, ਮਾਲ ਵਿਭਾਗ, ਮੰਡੀ ਬੋਰਡ ਅਤੇ ਪੰਚਾਇਤ ਵਿਭਾਗ ਦੇ ਕਰਮਚਾਰੀਆਂ, ਸਥਾਨਕ ਪਿੰਡ ਵਾਸੀਆਂ ਸਮੇਤ, ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਹਨ, ਜੋ ਲਗਾਤਾਰ ਇਨ੍ਹਾਂ ਸੰਵੇਦਨਸ਼ੀਲ ਥਾਵਾਂ ਦੀ ਨਿਗਰਾਨੀ ਕਰ ਰਹੀਆਂ ਹਨ। ਇਸ ਤੋਂ ਇਲਾਵਾ ਰਾਤ ਦੇ ਸਮੇਂ ਦਰਿਆ ਦੇ ਕੰਢਿਆਂ 'ਤੇ ਪੁਲਿਸ ਗਸ਼ਤ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਉਹਨਾਂ ਕਿਹਾ ਕਿ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਡਰੇਨੇਜ ਵਿਭਾਗ ਨਾਲ 87250-29785 'ਤੇ ਜਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ 01672-234196 'ਤੇ ਜਾਂ ਮੂਨਕ ਕੰਟਰੋਲ ਰੂਮ ਨਾਲ 97802-95132 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਪੀ.ਏ. ਰਾਕੇਸ਼ ਕੁਮਾਰ ਗੁਪਤਾ ਸਮੇਤ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਹਾਜ਼ਰ ਸਨ।



# ਹੜਾ ਦੇ ਦਾਨੀ ਐਕਟਰ ਗਾਇਕ ਆਮੀਰ ਲੋਕ ਆਪ ਘਰ-ਘਰ ਪਹੁਚਣ : ਬੰਡਾਲਾ



ਫ਼ਿਰੋਜ਼ਪੁਰ, 5 ਸਤੰਬਰ (ਮਨੋਹਰ ਲਾਲ) :— ਦਮਦਮੀ ਟਕਸਾਲ ਦੇ ਜਥੇਦਾਰ ਗੁਰਨਾਮ ਸਿੰਘ ਬੰਡਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿਰਫ ਸਤਰ ਕਰੋੜ ਸਹਾਇਤਾ ਲਈ ਐਲਾਨ ਕੀਤਾ ਹੈ, ਇਕ ਪਿੰਡ ਦਾ ਨੁਕਸਾਨ ਸੋ ਕਰੋੜ ਤੋ ਵੀ ਵੱਧ ਹੈ ਚਾਰ ਸੋ ਕਰੋੜ ਦਾ ਖਰਚਾ ਪੰਜਾਬ ਦਾ ਪੈਸਾ ਦਿੱਲੀ ਵਾਲੇ ਲੀਡਰਾਂ ਤੇ ਲਾਇਆ ਜਾਂਦਾ ਹੈ। ਦਾਨੀਆ ਐਕਟਰਾ ਗਾਇਕਾ ਸਮਾਜ ਸੇਵਕਾਂ ਨੂੰ ਬੇਨਤੀ ਹੈ ਕਿ ਹੜ੍ਹਾਂ ਵਿਚ ਤਬਾਹ ਲੋਕਾਂ ਦੀ ਸਹਾਇਤਾ ਸਰਕਾਰ ਰਾਹੀਂ ਬਿਲਕੁਲ ਨਾ ਕਰਨ ਆਪ ਪਿੰਡਾਂ ਵਿਚ ਪਹੁੰਚ ਕਰਨ ਪਾਣੀ ਲੱਥੇ ਤੋਂ ਲੋਕਾਂ ਦੀ ਮਦਦ ਕਰਨ ਸਾਡਾ ਪਿੰਡ ਬੰਡਾਲਾ ਟਲੀ ਗਰਾਮ ਧੀਰੇ ਘਰ ਪੰਜਾਹ ਪਿੰਡ ਹਨ ਜਿਥੇ ਪਾਣੀ ਨੇ ਡੰਗਰਾਂ ਦਾ ਵੀ ਨੁਕਸਾਨ ਕੀਤਾ ਹੈ, ਹਰੀਕੇ ਹੈਡ ਤੋਂ ਲਗ ਕੇ ਹੁਸੈਨੀ ਵਾਲੇ ਹੈਡ ਤੱਕ ਤਿੰਨ ਸੋ ਪਿੰਡ ਹੈ ਜਿਸ ਨੂੰ ਪੰਜਾਬ ਸਰਕਾਰ ਆਪਣੇ ਕਾਗਜਾਂ ਵਿਚੋਂ ਬਾਹਰ ਕੱਢਿਆ ਹੈ ਟੈਕਸ ਪੂਰੇ ਉਗਰਾਹੇ ਜਾਂਦੇ ਹਨ ਇਨ੍ਹਾਂ ਪਿੰਡ ਦੀ ਮਲਕੀਅਤ ਜਮੀਨ ਨੂੰ ਸਰਕਾਰ ਦਰਿਆ ਦਾ ਏਰੀਆ ਕਰਕੇ ਵਿਸਾਰ ਦਿੰਦੀ ਹੈ ਇਨ੍ਹਾਂ ਲੋਕਾ ਤੇ ਸਰਕਾਰ ਕਹਿਰ ਢਾਹ ਰਹੀ ਹੈ ਵੋਟਾ ਲੈਣ ਲਈ ਹਿਥਾੜ ਦੇ ਇਲਾਕ ਵਿਚ ਦਿਨ ਰਾਤ ਗੱਡੀਆ ਭਜਾਉਦੇ ਹਨ ਆਮ ਪਾਰਟੀ ਦਾ ਵਿਧਾਇਕ ਫ਼ਿਰੋਜਪੁਰ ਦਾ ਇਕ ਦਿਨ ਰੁਕਨੇ ਵਾਲੇ ਬੰਨ ਤੇ ਆ ਕੇ ਫੋਟੋ ਖਿਚਾ ਕੇ ਚਲੇ ਗਿਆ, ਪਾਣੀ ਵਿੱਚ ਡੁਬੇ ਲੋਕਾਂ ਨੂੰ ਕੱਢਣਾ ਤਾਂ ਕੀ ਸੀ ਇਕ ਕਿਲੋ ਖੰਡ ਨਹੀਂ ਦਿੱਤੀ ਸਾਡੀ ਐਕਟਰਾਂ ਗਾਇਕਾਂ ਨੂੰ ਬੇਨਤੀ ਹੈ ਹਿਥਾੜ ਦਾ ਇਲਾਕਾ ਪੂਰਾ ਦੁੱਖ ਭੋਗ ਰਿਹਾ ਜੇ ਆਪ ਨੇ ਮਦਦ ਕਰਨੀ ਹੈ ਫਿਰ ਆਪਣੀਆਂ ਟੀਮਾਂ ਆਧਾਰ ਕਾਰਡ ਵੇਖ ਕੇ ਘਰ ਘਰ ਜਾ ਕੇ ਮਦਦ ਕੀਤੀ ਜਾਵੇ ਇਸ ਵਕਤ ਲੁਟੇਰੇ ਲੋਕ ਸੜਕਾ ਤੇ ਰਾਸ਼ਨ ਲੁਟਣ ਲਈ ਵਡੀ ਗਿਣਤੀ ਵਿਚ ਖਲੋਤੇ ਹਨ ਇਜਤਦਾਰ ਲੋਕ ਕੋਠਿਆ ਤੇ ਬੈਠੇ ਹਨ ਜੇ ਕੋਈ ਦਾਨੀ ਆਵਾਜ ਮਾਰਦਾ ਫਿਰ ਪਾਣੀ ਵਿਚ ਲੰਘ ਕੇ ਜਾਦੇ ਹਨ ਟਰਾਲੀਆ ਵਾਲੇ ਆਉਦੇ ਹਨ ਸੜਕਾ ਤੇ ਖਲੋਤਿਆ ਨੂੰ ਸਾਮਾਨ ਵੰਡ ਕੇ ਚਲੇ ਜਾਦੇ ਹਨ ਪਾਣੀ ਵਿਚ ਡੁਬਿਆ ਨਾਲ ਸਪਰੰਕ ਕੋਈ ਨਹੀ ਕਰਦਾ ਵਡੇ ਵਡੇ ਦਾਨੀਆ ਨੂ ਸਾਡੀ ਆਪੀਲ ਹੈ ਜੇਕਰ ਲੋਕਾ ਡੁਬਿਆ ਦੀ ਸਹਾਇਤਾ ਕਰਨੀ ਹੈ ਫਿਰ ਪਾਣੀ ਲਥੇ ਤੋ ਘਰਘਰ ਜਾ ਕੇ ਆਪ ਹਾਲਤ ਵੇਖ ਕੇ ਸਹਾਇਤਾ ਕਰੋ ਜੇ ਸਰਕਾਰ ਨੂ ਕਰੋੜਾ ਦੇ ਦਿਤੇ ਇਨਾ ਦੇ 92 ਮੰਤਰੀਆ ਦਾ ਸਮਾ ਥੋੜਾ ਹੈ ਇਹ ਪੈਸਾ ਇਕਠ ਕਰਨ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ ਇਨ ਨੇ ਪਾਣੀ ਵਿਚ ਡੁਬਿਆ ਲੋਕਾਂ ਨੂੰ ਇਕ ਦਵਾਨੀ ਨਹੀ ਦੇਣੀ ਹਿਥਾੜ ਦਾ ਇਲਾਕਾ ਬਚਾਵੋ ਬਹੁਤ ਨੁਕਸਾਨ ਹੋਇਆ ਇਕ ਮਹਿਨਾ ਦਸ ਫੁਟ ਪਾਣੀ ਘਰਾਂ ਵਿਚ ਰਹਿਣਾ ਕੀ ਛਡਦਾ ਹੈ ਦੂਸਰੀ ਬੇਨਤੀ ਸਰਕਾਰ ਹੁਸੈਨੀ ਵਾਲਾ ਹੈਡ ਕੇਵਲ ਹਿਥਾੜ ਦੇ ਲੋਕਾਂ ਨੂੰ ਤਬਾਹ ਕਰਨ ਲਈ ਬਣਾਇਆ ਹੈ ਉਸ ਹੈਡ ਤੋ ਨਾ ਕੋਈ ਨਹਿਰ ਨਿਕਲਦੀ ਨਾ ਕੋਈ ਬਿਜਲੀ ਉਥੋ ਦਾ ਐਕਸੀਅਨ ਫਲਡ ਦੇ ਗੇਟ ਬੰਦ ਕਰ ਛਡਦਾ ਡਾਫ ਨਾਲ ਹਿਥਾੜ ਦੇ ਲੋਕ ਡੁਬ ਜਾਦੇ ਹਨ ਜੇ ਪਾਕਿਸਤਾਨ ਨਾਲ ਦੁਸਮਣੀ ਹੈ ਹਵਾਈ ਜਹਾਜਾ ਫੋਜ ਰਾਹੀ ਕਢੋ ਹੈਡ ਤੇ ਪਾਣੀ ਰੋਕ ਦੁਸਮਣੀਆ ਕਢਣੀ ਸਿਖਾ ਦੀਆ ਫਸਲਾ ਤਬਾਹ ਕਰ ਦਿੰਦੇ ਹਨ ਫਿਰ ਸ਼ਾਜਿਸ ਨਾਲ ਹੜਾ ਦੋਰਾਨ ਹਰੀ ਕੇ ਹੈਡ ਤੋ ਨਹਿਰਾ ਬਸ਼ਦ ਕਰ ਦਿੰਦੇ ਹਨ ਤਾ ਕੇ ਹਿਥਾੜ ਦੇ ਵਸਨੀਕਾ ਦੇ ਬਚੇ ਵੀ ਰੁੜ ਜਾਣ ਜੇਕਰ ਸਰਕਾਰ ਨੇ ਇਹ ਸੁਧਾਰ ਨਾ ਕੀਤਾ ਫਿਰ ਹਿਥਾੜ ਲੋਕ ਇਨਾ ਵਿਰਧ ਸਖਤ ਐਕਸ਼ਨ ਲੈਣਗੇ।

# ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਮੁੱਖ ਹੈਡ ਕੁਆਰਟਰ ਦਮਦਮੀ ਟਕਸਾਲ ਦੇ ਮਹਾਂਪੁਰਖ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਮੁਖੀ ਦਮਦਮੀ ਟਕਸਾਲ ਵੱਲੋਂ ਇਕ ਬਹੁਤ ਵੱਡਾ ਕਾਫਲਾ ਹੜ੍ਹ ਪੀੜਤਾਂ ਲਈ ਰਵਾਨਾ ਹੋਇਆ



ਫ਼ਿਰੋਜ਼ਪੁਰ, 5 ਸਤੰਬਰ (ਮਨੋਹਰ ਲਾਲ) :— ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਮੁੱਖ ਹੈਡ ਕੁਆਰਟਰ ਦਮਦਮੀ ਟਕਸਾਲ ਦੇ ਮਹਾਂਪੁਰਖ ਸੰਤ ਗਿਆਨੀ ਹਰਨੇਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਮੁਖੀ ਦਮਦਮੀ ਟਕਸਾਲ ਜੀ ਵੱਲੋਂ ਇਕ ਬਹੁਤ ਵੱਡਾ ਕਾਫਲਾ ਅਜਨਾਲਾ ਰੋਡ ਦੇ ਦਮਦਮੀ ਟਕਸਾਲ ਵੱਲੋਂ ਹੜ੍ਹ ਪੀੜਤਾਂ ਲਈ ਲੰਗਰ ਅਤੇ ਕੈਂਪ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਨਾਲਾ, ਰਾਮਦਾਸ ਏਰੀਆ, ਡੇਰਾ ਬਾਬਾ ਨਾਨਕ ਏਰੀਏ ਦੇ ਪਿੰਡ ਜ਼ੋ ਹੜ੍ਹ ਦੀ ਲਪੇਟ ਵਿਚ ਹਨ, ਉਨ੍ਹਾਂ ਪਿੰਡਾਂ ਵਿਚ ਟੀਮਾਂ ਜਾਣਗੀਆਂ। ਹੁਣ ਮਹਾਂਪੁਰਖ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਮੈਡੀਕਲ ਦੀਆਂ ਵੱਖ—ਵੱਖ ਟੀਮਾਂ ਬਣਾ ਕੇ ਜਿਥੇ—ਜਿਥੇ ਲੋਕ ਹੜ੍ਹ ਪੀੜਤ ਹਨ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਡਾਕਟਰ ਇਲਾਜ ਕਰਨ ਅਤੇ ਨਾਲ ਹੀ ਉਨ੍ਹਾਂ ਨੂੰ ਰਾਸ਼ਨ, ਦਵਾਈਆਂ, ਪਸ਼ੂਆਂ ਲਈ ਫੀਡ ਅਤੇ ਹੜ੍ਹ ਪੀੜਤਾਂ ਲਈ ਵਸਤਰ ਤੋਂ ਇਲਾਵਾ ਹੋਰ ਜ਼ਰੂਰੀ ਵਸਤਾਂ ਦੇਣ। ਇਸ ਮੌਕੇ ਤੇ ਜਥਾ ਭਿੰਡਰਾਂ ਵਾਲੇ ਦੇ ਭਾਰੀ ਗਿਣਤੀ ਵਿਚ ਸਿੰਘ, ਡਾਕਟਰ ਅਤੇ ਹੋਰ ਬਹੁਤ ਸਾਰਾ ਸਮਾਨ ਲੈ ਕੇ ਟਰੱਕ ਰਵਾਨਾ ਹੋਏ। ਇਸ ਮੌਕੇ ਜਥੇਦਾਰ ਗਿਆਨੀ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਵੀ ਹਾਜ਼ਰ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਦੀ ਟੀਮ ਵੱਲੋਂ ਲੋੜਵੰਦਾਂ ਨੂੰ ਵੰਡਿਆ ਗਿਆ ਰਾਸ਼ਨ

### ਲੋਕਾਂ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ

ਸੁਨਾਮ ( ਰਣਜੀਤ ਸਿੰਘ ਪੇਧਨੀ )-ਲਗਾਤਾਰ ਪਏ ਮੀਂਹ ਕਾਰਨ, ਜਿੱਥੇ ਆਮ ਜਨ ਜੀਵਨ ਪ੍ਰਭਾਵਿਤ ਹੋਇਆ ਹੈ, ਉੱਥੇ ਇਸ ਦੀ ਸਭ ਤੋਂ ਵੱਧ ਮਾਰ ਆਰਥਿਕ ਤੌਰ ਉੱਤੇ ਕਮਜ਼ੋਰ ਵਰਗ ਨੂੰ ਪਈ ਹੈ, ਜਿਨ੍ਹਾਂ ਨੂੰ ਬਰਸਾਤ ਕਾਰਨ ਪਿਛਲੇ ਕਈ ਦਿਨਾਂ ਤੋਂ ਕੋਈ ਕੰਮ ਕਾਰ ਵੀ ਨਹੀਂ ਮਿਲ ਸਕਿਆ ਤੇ ਉਹਨਾਂ ਦੇ ਚੁੱਲ੍ਹੇ ਠੰਢੇ ਹੋ ਗਏ ਹਨ। ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਵੱਲੋਂ ਆਪਣੀ ਟੀਮ ਨੂੰ ਨਿਰਦੇਸ਼ ਦਿੱਤੇ ਗਏ ਕਿ ਸੁਨਾਮ ਸ਼ਹਿਰ ਸਮੇਤ ਪੂਰੇ ਹਲਕੇ ਵਿੱਚ ਜਿੱਥੇ ਵੀ ਕਿਸੇ ਲੋੜਵੰਦ ਗਰੀਬ ਨੂੰ ਰਾਸ਼ਨ ਅਤੇ ਹੋਰ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀ ਲੋੜ ਹੈ, ਉਹ ਸਾਰਾ ਸਮਾਨ ਪਹਿਲ ਦੇ ਆਧਾਰ ਉੱਤੇ ਮੁਹੱਈਆ ਕਰਵਾਇਆ ਜਾਵੇ। ਜਿੱਥੇ ਸਰਕਾਰ ਲੋਕਾਂ ਦੇ ਨਾਲ ਇਸ ਔਖੀ ਘੜੀ ਵਿੱਚ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ, ਉੱਥੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਵੱਲੋਂ ਆਪਣੇ ਪੱਧਰ ਉੱਤੇ ਵੀ ਲੋੜਵੰਦਾਂ ਦੀ ਮਦਦ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਕੈਬਨਿਟ ਮੰਤਰੀ ਦੇ ਨਿਰਦੇਸ਼ਾਂ ਦੀ ਪਾਲਣਾ ਹਿਤ ਉਨ੍ਹਾਂ ਦੀ ਟੀਮ ਨੇ ਮੀਡੀਆ ਸਲਾਹਕਾਰ ਸ਼੍ਰੀ ਜਤਿੰਦਰ ਜੈਨ ਦੀ ਅਗਵਾਈ ਵਿੱਚ ਨਵੀਂ ਅਨਾਜ ਮੰਡੀ ਸੁਨਾਮ ਦੇ ਪਿਛਲੇ ਪਾਸੇ ਝੁੱਗੀਆਂ ਵਿੱਚ ਜੀਵਨ ਬਸਰ ਕਰ ਰਹੇ ਲੋਕਾਂ ਨੂੰ ਰਾਸ਼ਨ ਅਤੇ ਹੋਰ ਰੋਜ਼ਾਨਾ ਵਰਤੋਂ ਦੇ ਸਮਾਨ ਦੀਆਂ ਕਿੱਟਾਂ ਵੰਡੀਆਂ ਅਤੇ ਉੱਥੇ ਰਹਿ ਰਹੇ ਲੋਕਾਂ ਵੱਲੋਂ ਦੱਸੀਆਂ ਮੁਸ਼ਕਲਾਂ ਦੇ ਹੱਲ ਦੇ ਭਰੋਸਾ ਵੀ ਦਿੱਤਾ। ਇਸ ਮੌਕੇ ਰਾਸ਼ਨ ਵੰਡਣ ਵਾਲੀ ਟੀਮ ਵੱਲੋਂ ਇਹ ਵੀ ਭਰੋਸਾ ਦਿੱਤਾ ਗਿਆ ਕਿ ਉਨ੍ਹਾਂ ਵੱਲੋਂ ਜਲਦ ਹੀ ਲੋੜੀਂਦੀਆਂ ਦਵਾਈਆਂ, ਮੈਡੀਕਲ ਟੀਮ ਦੀ ਅਗਵਾਈ ਵਿੱਚ ਵੰਡੀਆਂ ਜਾਣਗੀਆਂ। ਸ਼੍ਰੀ ਅਰੋੜਾ ਦੀ ਟੀਮ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਤੇ ਸਮੁੱਚਾ ਪ੍ਰਸ਼ਾਸਨ ਦਿਨ ਰਾਤ ਇੱਕ ਕਰੇ ਹੜ੍ਹ ਪ੍ਰਭਾਵਿਤ ਖੇਤਰਾਂ ਅਤੇ ਲਗਾਤਾਰ ਬਰਸਾਤ ਕਾਰਨ ਪ੍ਰਭਾਵਿਤ ਖੇਤਰਾਂ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਨਿਭਾਅ ਰਹੇ ਹਨ, ਉੱਥੇ ਇਸ ਮੁਸ਼ਕਲ ਦੀ ਘੜੀ ਵਿੱਚ ਆਮ ਲੋਕਾਂ ਨੂੰ ਵੀ ਅੱਗੇ ਵੱਧ ਕੇ ਹੜ੍ਹ ਪੀੜਤਾਂ ਅਤੇ ਲੋੜਵੰਦਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਹੜ੍ਹ ਪੀੜਤਾਂ ਦੀਆਂ ਦਿੱਕਤਾਂ ਨੂੰ ਘਟਾਇਆ ਜਾ ਸਕੇ। ਪੰਜਾਬੀ ਤਾਂ ਪੂਰੀ ਦੁਨੀਆਂ ਵਿੱਚ, ਜਿੱਥੇ ਵੀ ਕਿਤੇ ਆਫਤ ਆਵੇ, ਉੱਥੇ ਮਦਦ ਕਰਨ ਲਈ ਪੁੱਜ ਜਾਂਦੇ ਹਨ ਤੇ ਆਪਣੀ ਸੇਵਾ ਭਾਵਨਾ ਕਰ ਕੇ ਪੂਰੀ ਦੁਨੀਆਂ ਵਿੱਚ ਜਾਣੇ ਜਾਂਦੇ ਹਨ ਤਾਂ ਅੱਜ ਜਦੋਂ ਪੰਜਾਬ ਦੀ ਧਰਤੀ ਉੱਤੇ ਹੀ ਕੁਦਰਤੀ ਆਫਤ ਕਾਰਨ ਲੋਕਾਂ ਨੂੰ ਮਦਦ ਦੀ ਲੋੜ ਹੈ ਤਾਂ ਹਰ ਇੱਕ ਨੂੰ ਪਾਰਟੀਬਾਜ਼ੀ ਅਤੇ ਧੜੇਬੰਦੀ ਤੋਂ ਉੱਪਰ ਉੱਠ ਕੇ ਲੋੜਵੰਦਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਰਾਸ਼ਨ ਵੰਡਣ ਵਾਲੀ ਟੀਮ ਵਿੱਚ ਪੀ.ਏ. ਸੰਜੀਵ ਸੰਜੂ, ਮਨੀ ਸਰਾਓ, ਬਲਾਕ ਪ੍ਰਧਾਨ ਸਾਹਿਬ ਸਿੰਘ, ਸੰਦੀਪ ਜਿੰਦਲ, ਅਸ਼ੀਸ਼ ਜੈਨ, ਸਾਹਿਲ ਗਿੱਲ, ਬਿੰਦੀ ਮਹਿਰਾ, ਬੰਟੀ, ਵਿਕੀ ਕਲਿਆਣ, ਵੀਜੈ ਭਾਰਦਵਾਜ, ਮੰਗਲ ਸਿੰਘ ਕਾਲਾ ਆਦਿ ਸ਼ਾਮਲ ਸਨ। ਇਸ ਮੌਕੇ ਝੁੱਗੀਆਂ ਵਿੱਚ ਰਹਿ ਰਹੇ ਲੋਕਾਂ ਵੱਲੋਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕੀਤਾ ਗਿਆ।

## ਪੀਏਯੂ-ਕੇਵੀਕੇ, ਸੰਗਰੂਰ ਦੀ ਟੀਮ ਵੱਲੋਂ ਮੀਂਹ ਨਾਲ ਪ੍ਰਭਾਵਿਤ ਖੇਤਰਾਂ ਦਾ ਦੌਰਾ

# ਕਿਸਾਨਾਂ ਨੂੰ ਮੌਕੇ ਅਨੁਸਾਰ ਖੇਤੀਬਾੜੀ ਸਲਾਹ ਦਿੱਤੀ





**ਲਹਿਰਾਗਾਗਾ ( ਰਣਜੀਤ ਸਿੰਘ ਪੇਧਨੀ )**-ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ.) ਦੇ ਕ੍ਰਿਸ਼ੀ ਵਿਗਿਆਨ ਕੇਂਦਰ (ਕੇ.ਵੀ.ਕੇ.), ਸੰਗਰੂਰ ਦੀ ਟੀਮ ਵੱਲੋਂ ਜ਼ਿਲ੍ਹਾ ਸੰਗਰੂਰ ਵਿੱਚ ਪਿਛਲੇ ਕਈ ਦਿਨਾਂ ਤੋਂ ਪੈ ਰਹੇ ਮੀਂਹ ਨਾਲ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਇਸ ਟੀਮ ਵਿੱਚ ਡਾ ਗੁਰਬੀਰ ਕੌਰ, ਸਹਾਇਕ ਪ੍ਰੋਫੈਸਰ (ਪਲਾਂਟ ਪ੍ਰੋਟੈਕਸ਼ਨ), ਡਾ ਸੁਨੀਲ ਕੁਮਾਰ, ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਅਰਿੰਗ) ਅਤੇ ਡਾ ਰਵਿੰਦਰ ਕੌਰ, ਸਹਾਇਕ ਪ੍ਰੋਫੈਸਰ (ਬਾਗਬਾਨੀ) ਸ਼ਾਮਲ ਸਨ। ਟੀਮ ਵੱਲੋਂ ਕੀਤੇ ਲਹਿਰਾਗਾਗਾ ਬਲਾਕ ਦੇ ਪਿੰਡਾਂ ਹਰਿਆਊ, ਡਸਕਾ, ਸੰਗਤਪੁਰਾ ਅਤੇ ਫ਼ਤਹਿਗੜ੍ਹ ਦੇ ਦੌਰੇ ਦੌਰਾਨ ਵੇਖਿਆ ਕਿ ਲਗਾਤਾਰ ਕਈ ਦਿਨ ਮੀਂਹ ਪੈਣ ਕਾਰਣ ਪ੍ਰਭਾਵਿਤ ਖੇਤਾਂ ਵਿੱਚ ਪਾਣੀ ਖੜ੍ਹਾ ਹੋਇਆ ਹੈ। ਹਾਲਾਂਕਿ, ਕੁਦਰਤੀ ਢਲਾਨ ਕਾਰਣ ਬਹੁਤ ਸਾਰੇ ਖੇਤਰਾਂ ਵਿੱਚ ਪਾਣੀ ਹੌਲੀ-ਹੌਲੀ ਨੀਵੀਆਂ ਡ੍ਰੇਨਾਂ ਵੱਲ ਨਿਕਲ ਵੀ ਰਿਹਾ ਹੈ। ਟੀਮ ਦੇ ਦੇਖਿਆ ਕਿ ਕੁਝ ਖੇਤਾਂ ਵਿੱਚ ਸੜਕਾਂ ਜਾਂ ਬੰਨ੍ਹ ਨਾਲ ਪਾਣੀ ਦੇ ਕੁਦਰਤੀ ਰਸਤੇ ਰੁਕਣ ਕਰਕੇ ਲਗਾਤਾਰ ਪਾਣੀ ਖੜ੍ਹਾ ਹੋਇਆ ਹੈ। ਜਿਸ ਕਾਰਨ ਝੋਨੇ ਅਤੇ ਬਾਸਮਤੀ ਦੀ ਫਸਲ ਜੜਾਂ ਤੋਂ ਸੜਣ ਲੱਗੀ ਹੈ। ਇਸ ਤੋਂ ਇਲਾਵਾ, ਕੁਝ ਖੇਤਾਂ ਵਿੱਚ ਤਣੇ ਦਾ ਗਲਣਾ, ਤਣੇ ਦੁਆਲੇ ਪੱਤੇ ਦਾ ਝੁਲਸ ਰੋਗ, ਪੱਤਿਆਂ ਦਾ ਝੁਲਸ ਰੋਗ ਅਤੇ ਭੂਰੇ ਧੱਬਿਆਂ ਦਾ ਰੋਗ ਵਰਗੀਆਂ ਬਿਮਾਰੀਆਂ ਦਾ ਹਮਲਾ ਵੀ ਦਰਜ਼ ਕੀਤਾ ਗਿਆ ਹੈ। ਨਰਮੇ ਉੱਤੇ ਵੀ ਪੱਤਿਆਂ ਦੇ ਧੱਬਿਆਂ ਦਾ ਰੋਗ ਦੇਖਿਆ ਗਿਆ ਹੈ । ਜਿਸ ਸਬੰਧੀ ਕਿਸਾਨਾਂ ਨੂੰ ਪੀ.ਏ.ਯੂ. ਦੀਆਂ ਸਿਫ਼ਾਰਸ਼ਾਂ ਅਨੁਸਾਰ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਜ਼ਰੂਰੀ ਸਲਾਹ ਦਿੱਤੀ ਗਈ। ਟੀਮ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਜਦੋਂ ਵੀ ਮੀਂਹ ਰੁਕੇ, ਖੇਤਾਂ ਤੋਂ ਜਲਦੀ ਤੋਂ ਜਲਦੀ ਪਾਣੀ ਬਾਹਰ ਕੱਢਿਆ ਜਾਵੇ, ਤਾਂ ਜੋ ਫਸਲ ਨੂੰ ਹੋਰ ਨੁਕਸਾਨ ਤੋਂ ਬਚਾਇਆ ਜਾ ਸਕੇ। ਡਾ ਮਨਦੀਪ ਸਿੰਘ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ ਸੰਗਰੂਰ ਨੇ ਕਿਹਾ ਕਿ ਵੱਖ-ਵੱਖ ਫਸਲਾਂ ਸਬੰਧੀ ਤਕਨੀਕੀ ਸਲਾਹ-ਮਸ਼ਵਰੇ ਸਬੰਧੀ ਪ੍ਰਭਾਵਿਤ ਪਿੰਡਾਂ ਦੇ ਕਿਸਾਨਾਂ ਨਾਲ ਲਗਾਤਾਰ ਰਾਬਤਾ ਰੱਖਿਆ ਜਾਵੇਗਾ।

## ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਭਲਾਈ ਲਈ ਗੁਰੂ ਮਹਾਰਾਜ ਅੱਗੇ

# ਅਰਦਾਸ ਅਤੇ ਪੀੜਤਾਂ ਦੀ ਮਦਦ ਲਈ ਅਪੀਲ: ਸੀਜੀਪੀਸੀ ਜਮਸ਼ੇਦਪੁਰ

**ਨਵੀਂ ਦਿੱਲੀ, 5 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਸੀਜੀਪੀਸੀ ਦਫ਼ਤਰ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਸੈਂਕੜੇ ਲੋਕਾਂ ਨੇ ਪੰਜਾਬ ਵਿੱਚ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਭਲਾਈ ਲਈ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ ਗਈ । ਪੰਜਾਬ ਵਿੱਚ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਭਲਾਈ ਲਈ ਕੇਂਦਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫ਼ਤਰ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਅਕਾਲੀ ਦਲ ਦੇ ਮੁਖੀ ਸੁਖਦੇਵ ਸਿੰਘ ਖਾਲਸਾ, ਗੁਰਦੀਪ ਸਿੰਘ, ਰਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਅੰਮ੍ਰਿਤਪਾਲ ਸਿੰਘ ਨੇ ਹੜ੍ਹ ਪੀੜਤਾਂ ਦੀ ਭਲਾਈ ਅਤੇ ਪੰਜਾਬ ਦੀ ਤਰੱਕੀ ਲਈ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ। ਇਸ ਮੌਕੇ ਕੇਂਦਰੀ ਗੁਰਦੁਆਰਾ ਕਮੇਟੀ ਦੇ ਮੁਖੀ ਭਗਵਾਨ ਸਿੰਘ, ਚੇਅਰਮੈਨ ਸਰਦਾਰ ਸ਼ੈਲੇਂਦਰ ਸਿੰਘ, ਗੁਰਮੀਤ ਸਿੰਘ, ਕਥਾਵਾਚਕ ਗਿਆਨੀ ਹਰਵਿੰਦਰ ਸਿੰਘ ਜਮਸ਼ੇਦਪੁਰੀ ਅਤੇ ਜਨਰਲ ਸਕੱਤਰ ਅਮਰਜੀਤ ਸਿੰਘ ਨੇ ਆਪਣੇ-ਆਪਣੇ ਸੰਬੋਧਨਾਂ ਵਿੱਚ ਹਰ ਘਰ ਨੂੰ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਕੁਝ ਰਕਮ ਦਾਨ ਕਰਨ ਦੀ ਅਪੀਲ ਕੀਤੀ, ਜਿਸਦਾ ਪ੍ਰਭਾਵ ਦਫ਼ਤਰ ਵਿੱਚ ਦੇਖਣ ਨੂੰ ਮਿਲਿਆ ਕਿ ਹੜ੍ਹ ਪੀੜਤਾਂ ਨੂੰ ਮਦਦ ਦੇਣ ਲਈ ਰਸੀਦਾਂ ਲੈਣ ਲਈ ਭੀੜ ਲੱਗ ਗਈ। ਇਸ ਮੌਕੇ ਪ੍ਰਧਾਨ ਭਗਵਾਨ ਸਿੰਘ, ਚੇਅਰਮੈਨ ਸਰਦਾਰ ਸ਼ੈਲੇਂਦਰ ਸਿੰਘ, ਗੁਰਮੀਤ ਸਿੰਘ, ਮੀਤ ਪ੍ਰਧਾਨ ਜੋਗਿੰਦਰ ਸਿੰਘ ਜੋਗੀ, ਜਨਰਲ ਸਕੱਤਰ ਅਮਰਜੀਤ ਸਿੰਘ, ਗੁਰਚਰਨ ਸਿੰਘ ਬਿੱਲਾ, ਖਜ਼ਾਨਚੀ ਗੁਰਨਾਮ ਸਿੰਘ ਬੇਦੀ, ਸਲਾਹਕਾਰ ਕੁਲਵਿੰਦਰ ਸਿੰਘ ਪੰਨੂ, ਸੁਖਵਿੰਦਰ ਸਿੰਘ ਰਾਜੂ, ਸੁਖਦੇਵ ਸਿੰਘ ਬਿੱਟੂ, ਸਰਬਜੀਤ ਸਿੰਘ ਗਰੇਵਾਲ, ਸੁਰਿੰਦਰ ਸਿੰਘ ਗੜ੍ਹਦੀਵਾਲਾ ਪ੍ਰਧਾਨ, ਬਲਜੀਤ ਸਿੰਘ ਗੰਢੂਵਾਲ, ਪ੍ਰਧਾਨ ਬਲਵੀਰ ਸਿੰਘ ਆਦਿ ਹਾਜ਼ਰ ਸਨ, ਹਰਵਿੰਦਰ ਸਿੰਘ ਮੰਟੂ, ਪ੍ਰਧਾਨ ਪ੍ਰਕਾਸ਼ ਸਿੰਘ, ਸੁਖਦੇਵ ਸਿੰਘ ਪਨੇਸਰ, ਪ੍ਰਧਾਨ ਅਵਤਾਰ ਸਿੰਘ, ਚੇਅਰਮੈਨ ਗੁਰਦਿਆਲ ਸਿੰਘ, ਜਨਰਲ ਸਕੱਤਰ ਜੋਗਾ ਸਿੰਘ, ਪ੍ਰਧਾਨ ਗੁਰਪ੍ਰੀਤ ਸਿੰਘ ਰਾਜੂ, ਸਰਦੂਲ ਸਿੰਘ, ਜਨਰਲ ਸਕੱਤਰ ਸਰਜੀਤ ਸਿੰਘ, ਪ੍ਰਧਾਨ ਰਣਜੀਤ ਸਿੰਘ ਮਠਾਰੂ, ਪ੍ਰਧਾਨ ਮਲਕੀਤ ਸਿੰਘ, ਪ੍ਰਧਾਨ ਰਵਿੰਦਰ ਸਿੰਘ, ਜਨਰਲ ਸਕੱਤਰ



ਜਸਵੰਤ ਸਿੰਘ ਜੱਸੋ, ਹਰਦੀਪ ਸਿੰਘ ਛੰਨੀਆਂ, ਮਹਾਂਜੀਤ ਸਿੰਘ ਛਾਨੀਆਂ, ਮਨਜੀਤ ਸਿੰਘ ਭੰਡਾਲ ਸਿੰਘ, ਮਹਾਂਜੀਤ ਸਿੰਘ, ਮਨਜੀਤ ਸਿੰਘ, ਸ. ਜੱਸਾ ਸਿੰਘ, ਗੁਰਦਿਆਲ ਸਿੰਘ, ਗਿਆਨੀ ਕੁਲਦੀਪ ਸਿੰਘ, ਗੁਰਦਿਆਲ ਸਿੰਘ, ਤ੍ਰਿਲੋਕ ਸਿੰਘ, ਕ੍ਰਿਪਾਲ ਸਿੰਘ, ਸ਼ਿੰਗਾਰਾ ਸਿੰਘ, ਪਤਵੰਤ ਸਿੰਘ, ਗੁਰਦੀਪ ਸਿੰਘ, ਕੇਂਦਰੀ ਨੌਜਵਾਨ ਸਭਾ ਦੇ ਪ੍ਰਧਾਨ ਅਮਰੀਕ ਸਿੰਘ, ਜਨਰਲ ਸਕੱਤਰ ਸੁਖਵੰਤ ਸਿੰਘ ਸੁੱਖੂ, ਤੇਜਪਾਲ ਸਿੰਘ, ਵਿੱਕੀ ਸਿੰਘ, ਕੇਂਦਰੀ ਸਿੱਖ ਸਤਿਸੰਗ ਸਭਾ ਦੀ ਪ੍ਰਧਾਨ ਰਵਿੰਦਰ ਕੌਰ, ਚੇਅਰਮੈਨ ਕਮਲਜੀਤ ਕੌਰ, ਸਰਪ੍ਰਸਤ ਦਲਬੀਰ ਕੌਰ, ਮੀਤ ਪ੍ਰਧਾਨ ਪਰਵਿੰਦਰ ਕੌਰ, ਜਨਰਲ ਸਕੱਤਰ ਸੁਖਵੰਤ ਕੌਰ, ਪਰਮਜੀਤ ਕੌਰ, ਬਲਬੀਰ ਸਿੰਘ, ਸ਼੍ਰੀ ਗੁਰੂ ਰਾਮਦਾਸ ਸੇਵਾ ਦਲ ਦੇ ਨੁਮਾਇੰਦੇ ਹਰਦੀਪ ਸਿੰਘ ਦੀਪ ਸਿੰਘ, ਹਰਦੀਪ ਸਿੰਘ ਦੀਪ ਸਿੰਘ, ਸ. ਜਿਸ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਨੌਜਵਾਨ ਸਭਾਵਾਂ ਦੇ ਨੁਮਾਇੰਦਿਆਂ, ਸਿੱਖ ਸਤਿਸੰਗ ਸਭਾਵਾਂ ਦੇ ਨੁਮਾਇੰਦਿਆਂ ਅਤੇ ਹੋਰ ਕਈ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

# ਹਰ ਸ਼ੁਕਰਵਾਰ ਡੈਂਗੂ ਤੇ ਵਾਰ -ਐਸ ਆਈ ਅਸ਼ੋਕ ਕੁਮਾਰ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਸੰਗਰੂਰ ਡਾਕਟਰ ਸੰਜੇ ਕਾਮਰਾ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਜੀ ਅਤੇ ਡਾਕਟਰ ਰਮਨਦੀਪ ਕੌਰ ਜੀ ਅਤੇ ਐਸ ਐਮ ਓ ਸੁਦੀਪ ਸਿੱਧੂ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਅਤੇ ਗੁਰਜੰਟ ਸਿੰਘ ਐਸ ਆਈ ਅਤੇ ਸੁਰਜੀਤ ਸਿੰਘ ਐਸ ਆਈ ਦੀ ਸੁਪਰਵੀਜਨ ਵਿੱਚ ਸੈਕਟਰ ਕਾਂਝਲਾ ਆਧੀਨ ਪਿੰਡ ਬਾਲੀਆਂ ਘਰ ਘਰ ਜਾ ਕੇ ਡ੍ਰਾਈ ਡੇ ਐਕਟੀਵਿਟੀ ਕੀਤੀ ਗਈ। ਜਿਸ ਦੌਰਾਨ ਅਸ਼ੋਕ ਕੁਮਾਰ,ਗੁਰਜੰਟ ਸਿੰਘ,ਸੁਰਜੀਤ ਸਿੰਘ ਐਸ ਆਈ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਹ ਮੱਛਰ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ।ਇਹ ਮੱਛਰ ਕੂਲਰ ਦੇ ਪਾਣੀ ਵਿੱਚ ਅਤੇ ਫਰਿੱਜਾਂ ਪਿੱਛੇ ਲੱਗੀਆਂ ਟਰੇਆਂ,ਗਮਲਿਆਂ,ਕੰਨਟੇਨਰਾ,ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਲਈ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹਨਾਂ ਬਰਤਨਾਂ ਵਿੱਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ ਅਤੇ ਬਰਤਨਾਂ ਨੂੰ ਪੂਰੀ ਤਰ੍ਹਾਂ ਸਾਫ਼ ਕਰ ਕੇ ਚੰਗੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਜੇ ਕਰ ਕਿਸੇ ਵਿਆਕਤੀ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ,ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ,ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ,ਜੀ ਕੱਚਾ ਹੋਣਾ ਅਤੇ ਉਲਟੀਆਂ,ਹਾਲਤ ਖ਼ਰਾਬ ਹੋਣ ਤੇ ਨੱਕ,ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ਇਹਨਾਂ ਹਾਲਤਾਂ ਵਿੱਚ ਮਰੀਜ਼ ਨੂੰ ਵੱਧ ਤੋਂ ਵੱਧ ਤਰਲ ਪਦਾਰਥ ਦੇਣੇ ਚਾਹੀਦੇ ਹਨ ਅਤੇ ਮਰੀਜ਼ ਨੂੰ ਵੱਧ ਤੋਂ ਵੱਧ ਆਰਾਮ ਕਰਨਾ ਚਾਹੀਦਾ ਹੈ ਅਤੇ ਮਰੀਜ ਦੇ ਖਾਣਾ ਹਲਕਾ ਦੇਣਾ ਚਾਹੀਦਾ ਹੈ ਜੇ ਕਰ ਮਰੀਜ਼ ਦੀ ਹਾਲਤ ਖ਼ਰਾਬ ਲੱਗੇ ਤਾਂ ਮਰੀਜ਼ ਨੂੰ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੁੰਦਾ ਹੈ ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ । ਟੀਮ ਮੈਂਬਰ ਹਰਜੀਤ ਸਿੰਘ ਮ,ਪ,ਹ,ਵ (ਮ) ਹਾਜ਼ਰ ਸਨ ।

# ਦੇਸ ਪੰਜਾਬ

ਮੈਂ ਹਮੇਸ਼ਾ ਦੁੱਖ-ਸੁੱਖ ਝੱਲੇ ਹਨ, ਪਰ ਕਦੇ ਕਿਸੇ ਦੇ ਸਾਹਮਣੇ ਝੁਕਿਆ ਨਹੀਂ, ਕਿਉਂਕਿ ਮੈਂ ਵਸਦਾ ਹਾਂ ਗੁਰੂਆਂ ਦੇ ਨਾਮ ਤੇ। ਮੇਰੇ ਤੇ ਮੁਗ.ਲਾਂ, ਬਾਈਧਾਰ ਦੇ ਰਾਜਿਆਂ ਅਤੇ ਅਬਦਾਲੀ ਵਰਗਿਆਂ ਨੇ ਹਮਲੇ ਕੀਤੇ, ਪਰ ਮੈਂ ਉਨ੍ਹਾਂ ਹਮਲਿਆਂ ਦਾ ਮੂੰਹ-ਤੋੜ ਜਵਾਬ ਦਿੱਤਾ। 1947 ਵਿੱਚ ਮੇਰੇ ਦੋ ਟੁਕੜੇ ਕਰ ਦਿੱਤੇ ਗਏ—ਇੱਕ ਲਹਿੰਦਾ ਪੰਜਾਬ ਅਤੇ ਇੱਕ ਚੜ੍ਹਦਾ ਪੰਜਾਬ। ਮੇਰੇ 10 ਲੱਖ ਭੈਣ-ਭਰਾਵਾਂ ਦਾ ਕਤਲੇਆਮ ਕਰਵਾ ਦਿੱਤਾ ਗਿਆ। ਮੈਂ ਕਦੇ ਡਿੱਗਿਆ ਨਹੀਂ। ਫਿਰ ਵੀ, ਮੇਰੇ ਤਿੰਨ ਹਿੱਸੇ ਵੱਖ-ਵੱਖ ਰਾਜ ਬਣਾ ਦਿੱਤੇ ਗਏ। ਮੇਰੀ ਭਾਸ਼ਾ ਨੂੰ ਸਟੇਟ ਨੇ ਮਾਨਤਾ ਨਹੀਂ ਦਿੱਤੀ।



1984 ਵਿੱਚ ਮੇਰੇ ਜਾਨ ਨਾਲੋਂ ਵੱਧ ਪਿਆਰੇ ਦਰਬਾਰ ਸਾਹਿਬ ਤੇ ਫੌਜੀ ਹਮਲਾ ਕਰ ਦਿੱਤਾ ਗਿਆ। ਹਜ਼ਾਰਾਂ ਬੇਕਸੂਰ ਸੰਗਤਾਂ ਦਾ ਕਤਲੇਆਮ ਹੋਇਆ, ਸਿੱਖਾਂ ਦੇ ਖ਼ੂਨ ਨਾਲ ਹੋਲੀ ਖੇਡੀ ਗਈ। ਫਿਰ ਮੈਂ ਦਿੱਲੀ ਦੇ ਹਿੱਕ ਵੱਜਿਆ ਅਤੇ ਹਕੂਮਤ ਨੂੰ ਦੱਸ ਦਿੱਤਾ ਕਿ ਮੈਂ ਹਾਲੇ ਜਿਉਂਦਾ ਹਾਂ।

ਅੱਜ ਮੇਰੇ ਤੇ ਫਿਰ ਸਰਕਾਰਾਂ ਦੀ ਮਾਰ ਪਈ ਹੈ। ਮੇਰੇ ਧੀਆਂ-ਪੁੱਤਰ ਹੜ੍ਹਾਂ ਵਿੱਚ ਦੁੱਖ ਝੱਲ ਰਹੇ ਹਨ। ਮੈਨੂੰ ਕਿਸੇ ਦੇ ਝੂਠੇ ਲਾਰਿਆਂ ਦੀ ਲੋੜ ਨਹੀਂ, ਕਿਉਂਕਿ ਮੈਂ ਹਮੇਸ਼ਾ ਆਪਣੇ ਦੁੱਖ ਝੱਲਾਂਗਾ ਅਤੇ ਆਪਣੇ ਧੀਆਂ-ਪੁੱਤਰਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਾਂਗਾ। ਕਿਉਂਕਿ ਮੈਂ ਵਸਦਾ ਹਾਂ ਗੁਰੂਆਂ ਦੇ ਨਾਮ ਤੇ, ਚੜ੍ਹਦੀ ਕਲਾ ਵਿੱਚ।

**- ਲਵਪ੍ਰੀਤ ਸਿੰਘ**

# ਪਿੰਡ ਚੰਨਣਕੇ ਦੀ ਡਰੇਨ ਅਤੇ ਸਮਸਾਨ ਘਾਟ ਵਿੱਖੇ ਪਿੰਡ ਦੀ ਖੂਬਸੂਰਤੀ ਲਈ ਸਰਪੰਚ ਮਿੱਠਾ ਵੱਲੋਂ ਪਾਮ ਦੇ ਬੂਟੇ ਲਗਾਏ

## ਪਿੰਡ ਦੀ ਖ਼ੂਬਸੂਰਤੀ ਲਈ ਹੋਰ ਵੀ ਵਧੀਆ ਤੋਂ ਵਧੀਆ ਬੂਟੇ ਲਾਏ ਜਾਣਗੇ-ਸਰਪੰਚ ਕੁਲਵਿੰਦਰ ਸਿੰਘ ਮਿੱਠਾ ਚੰਨਣਕੇ

ਚੌਕ ਮਹਿਤਾ, 5 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ) ਪਿੰਡ ਚੰਨਣਕੇ ਨੂੰ ਹਰਿਆ ਭਰਿਆ ਅਤੇ ਪਿੰਡ ਦੀ ਖੂਬਸੂਰਤੀ ਲਈ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਦੀ ਅਗਵਾਈ ਹੇਠ ਪਿੰਡ ਦੀ ਖ਼ੂਬਸੂਰਤੀ, ਫ਼ਲਦਾਰ, ਛਾਂਦਾਰ ਅਤੇ ਵਾਤਾਵਰਣ ਨੂੰ ਸੁੱਧ ਕਰਨ ਲਈ ਪਾਮ ਦੇ ਬੂਟੇ ਡਰੇਨ ਦੇ ਕੰਢੇ ਉੱਤੇ ਅਤੇ ਸਮਸਾਨ ਘਾਟ ਵਿੱਚ ਬੂਟੇ ਲਾਏ ਗਏ। ਅਤੇ ਡਰੇਨ ਦੇ ਪੁੱਲ ਤੇ ਬਜੁਰਗਾਂ ਦੇ ਬੈਠਣ ਲਈ ਇੱਕ ਥੜਾ ਅਤੇ ਇੱਕ ਬਹੁਤ ਵੱਡਾ ਬੈਂਚ ਲਾਇਆ ਗਿਆ ਇਸ ਮੌਕੇ ਤੇ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਨੇ ਕਿਹਾ ਕਿ ਬੂਟਿਆਂ ਦੀ ਪੂਰੀ ਰੇਖ ਦੇਖ ਅਤੇ ਖਾਸ ਕਰਕੇ ਗੂਜਰਾਂ ਦੇ ਡੰਗਰਾਂ ਤੋਂ ਬਚਾਏ ਜਾਣ ਦੇ ਇਸ ਮੌਕੇ ਤੇ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਚੰਨਣਕੇ ਤੋਂ ਇਲਾਵਾ ਪ੍ਰਧਾਨ ਗੁਰਪ੍ਰੀਤ ਸਿੰਘ ਸਾਹ, ਨੰਬਰਦਾਰ ਸਰਬਜੀਤ ਸਿੰਘ, ਅਰਸਦੀਪ ਸਿੰਘ, ਪ੍ਰਧਾਨ ਲਖਵਿੰਦਰ ਸਿੰਘ, ਵਿਸਵ ਪਰਤਾਪ ਸਿੰਘ, ਕਰਨਬੀਰ ਸਿੰਘ,ਹਰਦੇਵ ਸਿੰਘ ਇੰਗਲੈਂਡ ਵਾਲੇ, ਆਦਿ ਹੋਰ ਵੀ ਬਹੁਤ ਸਾਰੇ ਸੇਵਾਦਾਰ ਹਾਜਰ ਸਨ।



### ਹਰੀਕੇ ਪੱਤਣ ਦੇ ਨੇੜੇ ਪਿੰਡ ਮਰੜ ਵਿਖੇ ਦਰਿਆ ਨੇ ਲਾਈ ਪੂਰੀ ਢਾਅ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਸੂਫੀ ਗਾਇਕ ਸ਼ਮਸ਼ੇਰ ਸਿੰਘ ਲਹਿਰੀ ਵੱਲੋਂ ਦੂਰੋਂ ਨੇੜਿਓ ਨੌਜਵਾਨਾਂ ਨੂੰ ਤੁਰੰਤ ਪੁੱਜਣ ਦੀ ਅਪੀਲ













ਹਰੀਕੇ ਪੱਤਣ ਦੇ ਨੇੜੇ ਪਿੰਡ ਮਰੜ ਵਿਖੇ ਦਰਿਆ ਨੇ ਲਾਈ ਪੂਰੀ ਢਾਅ,ਪੂਰਾ ਪਿੰਡ ਦਰਿਆ ਦੀ ਮਾਰ ਹੇਠ,ਬੰਨ ਨਾ ਮਾਰਿਆ ਗਿਆ ਤਾਂ ਹੋ ਸਕਦਾ ਪੂਰਾ ਪਿੰਡ ਤਬਾਹ,ਭਾਰੀ ਜਾਨੀ ਮਾਲੀ ਨੁਕਸਾਨ ਦਾ ਬਣਿਆ ਖਤਰਾ,ਕਾਰ ਸੇਵਾ ਸੰਪਰਦਾਇ ਸਰਹਾਲੀ ਸਾਹਿਬ ਸੰਤ ਬਾਬਾ ਸੁੱਖਾ ਸਿੰਘ ਸੰਤ ਬਾਬਾ ਹਾਕਮ ਸਿੰਘ ਦੀ ਦੇਖ ਰੇਖ ਵਿੱਚ ਨੌਜਵਾਨਾਂ ਵੱਲੋਂ ਬੰਨਿਆ ਜਾ ਰਿਹਾ ਬੰਨ,ਮੌਕੇ ਤੇ ਪੁੱਜੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ,ਸੂਫੀ ਗਾਇਕ ਸ਼ਮਸ਼ੇਰ ਸਿੰਘ ਲਹਿਰੀ,ਦੂਰੋਂ ਨੇੜਿਓ ਨੌਜਵਾਨਾਂ ਨੂੰ ਤੁਰੰਤ ਪੁੱਜਣ ਦੀ ਅਪੀਲ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243



ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ

# ਹੜ੍ਹ ਪੀੜਤਾਂ ਲਈ ਦਮਦਮੀ ਟਕਸਾਲ ਆਈ ਅੱਗੇ

## ਕਿਸੇ ਵੀ ਵਸਤੂਆਂ ਰਸਤਾਂ ਦੀ ਘਾਟ ਨਹੀਂ ਆਉਣੀ ਚਾਹੀਦੀ, ਹਰ ਪ੍ਰਕਾਰ ਦੀ ਹੜ ਪੀੜਤਾਂ ਦੀ ਮੱਦਦ ਤਨ ਮਨ ਧੰਨ ਨਾਲ ਕੀਤੀ ਜਾਵੇ : ਟਕਸਾਲ ਮੁਖੀ

























**ਚੌਕ ਮਹਿਤਾ, 5 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੌਜੂਦਾ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਕੁਦਰਤੀ ਆਈ ਆਫਤ ਹੜ ਪੀੜਤਾਂ ਲਈ ਮੋਟਰ, ਗੱਡੀਆਂ, ਟਰਾਲੀਆਂ,ਆਦਿ ਖਾਣ ਪੀਣ,ਦੀਆਂ ਵਸਤੂਆਂ ਜਿਵੇਂ ਕਿ ਦੁੱਧ, ਪਾਣੀ, ਬਰੈਡ, ਲੰਗਰ, ਤਰਪਾਲਾ,ਅਤੇ ਮਨੁੱਖਾਂ ਲਈ ਮੈਡੀਸਨ ਅਤੇ ਪਸ਼ੂਆ ਲਈ ਤੂੜੀ, ਆਚਾਰ, ਹਰਿਆ ਦੀਆਂ ਟਰਾਲੀਆਂ ਭਰਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਕੇ ਗੁਰਦੁਆਰਾ ਗੁਰਦਰਸ਼ਨ ਪਰਕਾਸ਼ ਦਮਦਮੀ ਟਕਸਾਲ ਜਥਾ ਭਿੰਡਰਾਂ ਚੌਕ ਮਹਿਤਾ ਆਰੰਭ ਕੀਤੀਆਂ ਗਈਆਂ। ਨਾਲ ਐਬੂਲੈਂਸ ਤੇ ਮਾਹਰ ਡਾਕਟਰਾਂ ਦੀਆਂ ਟੀਮਾ ਮੁਫ਼ਤ ਮੈਡੀਸਨ ਲੈਕੇ ਰਵਾਨਾ ਹੋਈਆਂ ਇਸ ਮੌਕੇ ਤੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਕਿਸੇ ਵੀ ਵਸਤੂਆਂ ਰਸਤਾਂ ਦੀ ਘਾਟ ਨਹੀਂ ਆਉਣੀ ਚਾਹੀਦੀ। ਹਰ ਪ੍ਰਕਾਰ ਦੀ ਹੜ ਪੀੜਤਾਂ ਦੀ ਮੱਦਦ ਤਨ ਮਨ ਧੰਨ ਨਾਲ ਕੀਤੀ ਜਾਵੇ। ਦਮਦਮੀ ਟਕਸਾਲ ਦੇ ਸਿੰਘਾਂ ਨੇ ਆਪਣੀਆਂ ਕੀਮਤੀ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਡੂੰਘੇ ਪਾਣੀਆਂ ਵਿੱਚ ਜਾਕੇ ਹਰ ਪ੍ਰਕਾਰ ਦੀਆਂ ਵਸਤੂਆਂ, ਰਸਤਾਂ ਅਤੇ ਦੀਵਾਈਆ ਦੀ ਪਾਉਚ ਕਰ ਰਹੇ ਹਨ। ਇਸ ਮੌਕੇ ਤੇ ਤਰਨਾ ਦੱਲ ਮਹਿਤਾ ਦੇ ਮੁੱਖੀ ਬਾਬਾ ਅਜੀਤ ਸਿੰਘ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਸੁਖਦੇਵ ਸਿੰਘ, ਜਥੇਦਾਰ ਬਾਬਾ ਬੋਹੜ ਸਿੰਘ,ਸਾਬਕਾ ਚੇਅਰਮੈਨ ਸਰਪੰਚ ਕਸਮੀਰ ਸਿੰਘ ਕਾਲਾ, ਗਿਆਨੀ ਸਾਹਿਬ ਸਿੰਘ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਜਲਾਲ ਉਸਮਾ, ਪਰਫੋਸਰ ਗਿਆਨੀ ਜੋਬਨਜੀਤ ਸਿੰਘ, ਆਦਿ ਸੇਵਾਦਾਰ ਹਾਜਰ ਸਨ।





ਹੜ ਪ੍ਰਭਾਵਿਤ ਅਜਨਾਲਾ ਇਲਾਕੇ ਦੇ ਪਿੰਡਾਂ 'ਚ


# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜੱਥੇ ਸਮੇਤ ਰਾਹਤ ਸਮੱਗਰੀ ਲੈ ਕੇ ਪੁੱਜੇ









ਹੜ ਪ੍ਰਭਾਵਿਤ ਅਜਨਾਲਾ ਇਲਾਕੇ ਦੇ ਪਿੰਡ ਕੋਟਲੀ ਅੰਬ,ਸੂਰੇਵਾਲਾ ਤੇ ਹੋਰ ਪਿੰਡਾਂ ਦੀਆਂ ਢਾਣੀਆਂ ਵਿੱਚ ਸੇਵਾ ਤੇ ਜਾਣਕਾਰੀ ਲੈਂਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸੰਤ ਹਾਕਮ ਸਿੰਘ ਸੰਪਰਦਾਇ ਸਰਹਾਲੀ ਸਾਹਿਬ,ਡਾਕਟਰ ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਥੀ ਸਿੰਘ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243